ਮਾਸਕ ਪੱਤਰ

ੴ

# ਸੂਰਾ

ਅੰਮ੍ਰਿਤਸਰ

ਬੀਬੀ ਨੰਦ ਕੌਰ ਜੀ

FEB 1985



ਫ਼ਰਵਰੀ ੧੯੮੫

www.AKJ.Org

[illegible]

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰ: ੧-੭੦-੬੮-੨੧ ਮਿਤੀ ੧੭-੧੦-੬੪ ਅ. ਪ, ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਕੌਮ-ਪ੍ਰਸਤੀ ਕਿ 'ਆਪਾ-ਪ੍ਰਸਤੀ ? | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਦਸਮੇਸ਼ ਪਿਤਾ ਦ੍ਰਿੜ੍ਹਾਈ ਸੱਚੀ ਸੁੱਚੀ ਸਾਂਝੀਵਾਲਤਾ | ੪ | ,, ,, ,, |
| 'ਸਭਦੂ ਵਡੇ ਭਾਗ ਗੁਰਸਿਖਾ ਕੇ' | ੬ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਸ਼ਹੀਦ ਭਾਈ ਤਾਰਾ ਸਿੰਘ ਜੀ 'ਵਾਂ' (੪) | ੧੨ | ਕੈਪਟਿਨ ਸਵਰਨ ਸਿੰਘ ਜੀ |
| 'ਖੰਨਿਅਹੁ ਤਿਖੀ ਵਾਲਹੁ ਨਿਕੀ' | ੧੮ | ਭਾਈ ਰਾਮ ਸਿੰਘ ਜੀ |
| ਸ਼ਸਤਰ ਬਾਝ ਸ਼ਊਰ ਨਾ ਜੀਣ ਦਾ ਏ (ਕਵਿਤਾ) | ੨੨ | ਗਿਆਨੀ ਗੋਪਾਲ ਸਿੰਘ ਜੀ ਮਿਤਰ |
| ਮਹਾਂ ਪ੍ਰਸ਼ਾਦ | ੨੩ | ਜੇ. ਪੀ. ਸੰਗਤ ਸਿੰਘ ਜੀ |
| ਸੇਵਾ ਦੇ ਪੁੰਜ ਬੀਬੀ ਨੰਦ ਕੌਰ ਜੀ | ੨੫ | ਮਾਸਟਰ ਕੁੰਦਨ ਸਿੰਘ ਜੀ |
| ਸਿੱਖੀ ਧਰਮ ਪਰਚਾਰ | ੨੭ | ਜਥੇਦਾਰ, ਅਖੰਡ ਕੀਰਤਨੀ ਜਥਾ |
| ਸਥਿਤੀ ਸੁਖਾਵੀਂ ਕਿਸ ਤਰ੍ਹਾਂ ਹੋਵੇ ? | ੨੮ | ਗਿਆਨੀ ਭਜਨ ਸਿੰਘ ਜੀ |
| ਦੋਸ਼ੀ ਕੌਣ ਹੈ ? | ੩੨ | ਸ: ਹਰਬੰਸ ਸਿੰਘ ਜੀ ਭੰਵਰ |
| ਸ਼ਮਸ਼ੀਰ-ਏ-ਗੁਰੂ ਗੋਬਿੰਦ ਸਿੰਘ | ੩੬ | ਪ੍ਰੋਫੈਸਰ ਪੂਰਨ ਸਿੰਘ ਜੀ |
| ਕਲਗੀਆਂ ਵਾਲੇ ਦਾ ਸਿੰਘ (ਕਵਿਤਾ) | ੩੮ | ਸ: ਸੰਤਾ ਸਿੰਘ ਜੀ ਆਜਿਜ਼ |


ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਅਵਤਾਰ ਧਾਰਿਆ ੩ ਫਰਵਰੀ

**ਨੋਟ—'ਸੂਰਾ' ਪਤਰ ਨੂੰ ਪੁਜੀ ਸਹਾਇਤਾ ਥਾਂ ਦੀ ਥੁੜ ਕਰਕੇ ਆਉਂਦੇ ਪਰਚੇ ਵਿਚ ਦਿਤੀ ਜਾਵੇਗੀ**

# ਭਾ: ਸਾ: ਭਾਈ ਰਣਧੀਰ ਸਿੰਘ ਕੀਰਤਨ-ਉਤਸ਼ਾਹਤ ਸਕੀਮ

ਉਪਰ ਦਸੀ ਸਕੀਮ ਅਧੀਨ ੨੦ ਸਾਲ ਤੋਂ ਘਟ ਉਮਰ ਵਾਲੇ ਰਹਿਤਵਾਨ ਗੁਰਸਿਖ ਬੱਚੇ ਬੱਚੀਆਂ ਦੀ ਕੀਰਤਨ ਸੰਬੰਧੀ ਯੋਗਤਾ ਦੀ ਪ੍ਰੀਖਿਆ ਸ੍ਰੀ ਅੰਮ੍ਰਿਤਸਰ ਵਿਖੇ ਵੈਸਾਖੀ ਸਮਾਗਮ ਤੇ ਲਈ ਜਾਵੇਗੀ। ਕੰਠਾਗਰ ਬਾਣੀ ਦੇ ਆਧਾਰ ਤੇ ਸ੍ਰੀ ਆਸਾ ਦੀ ਵਾਰ, ਛੱਕਿਆਂ ਅਤੇ ਪ੍ਰਥਾਇ ਸ਼ਬਦਾਂ ਦੇ ਕੀਰਤਨ ਦੀ ਪ੍ਰੀਖਿਆ ਹੋਵੇਗੀ। ਘਟ ਤੋਂ ਘਟ ੨੪ ਸ਼ਬਦ ਕੰਠ ਹੋਣੇ ਜ਼ਰੂਰੀ ਹਨ।

ਇਸ ਪ੍ਰੀਖਿਆ ਵਿਚ ਹਿੱਸਾ ਲੈਣ ਵਾਲੇ ਬੱਚੇ ਬੱਚੀਆਂ ਆਪਣੀਆਂ ਦਰਖ਼ਾਸਤਾਂ (ਨਾਮ, ਪਤਾ ਤੇ ਉਮਰ ਆਦਿ ਦੇ ਵੇਰਵੇ ਸਹਿਤ) ੩੧ ਮਾਰਚ ੧੯੮੫ ਤਕ ਮੈਨੇਜਰ 'ਸੂਰਾ' ਮਾਸਕ ਪੱਤਰ ਦੇ ਪਤੇ ਤੇ ਭੇਜ ਦੇਣ।

ਖਾਲਸਾ ਜੀ ਦਾ ਸੇਵਕ- ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ ਸ੍ਰੀ ਅੰਮ੍ਰਿਤਸਰ

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੨.੮੫ ਨੂੰ ਪ੍ਰਕਾਸ਼ਕ ਕੀਤਾ।
ਟੈਲੀਫੋਨ ਨੰਬਰ : 51847 ਘਰ 43094

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

੧ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਪੱਤਰ

ਸ੍ਰੀ ਅੰਮ੍ਰਿਤਸਰ

**ਸਾਲਾਨਾ ਚੰਦਾ**

| | |
|---|---|
| ਦੇਸ਼ | ੧੫-੦੦ |
| ਇਕ ਪਰਚਾ | ੧-੫੦ |
| **ਪਰਦੇਸ** | |
| ਸਮੁੰਦਰੀ ਡਾਕ | ੩੫-੦੦ |
| **ਹਵਾਈ ਡਾਕ** | |
| ਅਰਬ, ਮਲਾਇਆ | ੫੫-੦੦ |
| ਯੂ. ਕੇ., ਅਫ਼ਰੀਕਾ | ੭੫-੦੦ |
| ਕੈਨੇਡਾ, ਅਮਰੀਕਾ | ੯੦-੦੦ |
| **ਅਮਾਨਤੀ** | |
| **ਲਾਈਫ਼ ਮੈਂਬਰ** | |
| ਦੇਸ | ੧੫੦—੦੦ |
| ਪਰਦੇਸ | ੩੫੦—੦੦ |
| **ਹਵਾਈ ਡਾਕ** | |
| ਯੂ. ਕੇ. ਅਫਰੀਕਾ | ੭੫੦—੦੦ |
| ਕੈਨੇਡਾ, ਅਮਰੀਕਾ | ੯੦੦—੦੦ |
| ਅਰਬ ਮਲਾਇਆ | ੫੫੦—੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੯ ਫ਼ਰਵਰੀ ੧੯੮੫ ਅੰਕ ੨

## ਕੌਮ-ਪ੍ਰਸਤੀ ਕਿ ਆਪਾ-ਪ੍ਰਸਤੀ ?

ਜਿਸ ਕੌਮ ਤੇ ਕੌਮੀਅਤ ਅੰਦਰ ਰੂਹਾਨੀਅਤ ਵਾਲੀ ਜੀਵਨ-ਕਣੀ ਨਹੀਂ, ਐਸੇ ਨਿਰੇ ਰਾਜ-ਸਾਜ ਦੀ ਇੱਛਾ ਵਾਲਿਆਂ ਨੂੰ ਦੇਵਨੇਤ ਨਾਲ ਰਾਜ-ਸਾਜ ਮਿਲ ਵੀ ਜਾਵੇ ਤਾਂ ਇਸ ਬਾਤ ਦੀ ਕੀ ਗਰੰਟੀ ਹੈ ਕਿ ਉਨ੍ਹਾਂ ਦਾ ਬੁਲ-ਹਵਸੀ-ਰਾਜ ਕਿਸੇ ਪਹਿਲੇ ਕਾਇਮ-ਸ਼ੁਦਾ ਰਾਜ ਨਾਲੋਂ ਚੰਗੇਰਾ ਤੇ ਪਰਜਾ ਲਈ ਅਧਿਕ ਭਲੇਰਾ ਹੋਵੇਗਾ । ਜਿਸ ਕੌਮੀਅਤ ਅੰਦਰ ਵਜ਼ੀਰੀਆਂ ਸਾਂਭਣ ਦੀ ਲਾਲਸਾ ਲਗੀ ਹੋਈ ਹੋਵੇ, ਜਿਸ ਕੌਮੀਅਤ ਦੇ ਕੌਮ-ਪ੍ਰਸਤ ਆਗੂ ਕੌਂਸਲਾਂ ਤੇ ਡਿਸਟ੍ਰਿਕਟ ਬੋਰਡਾਂ, ਮਿਉਨਿਸਪਲ ਕਮੇਟੀਆਂ ਦੀਆਂ ਮੈਂਬਰੀਆਂ ਦੀ ਪ੍ਰਾਪਤੀ ਖ਼ਾਤਰ ਆਮ ਜਨਤਾ ਨੂੰ ਸੱਭਿਅਤਾ-ਹੀਣ ਤੇ ਇਖ਼ਲਾਕੋਂ ਗਿਰੇ ਹੋਏ ਲਾਲਚ ਦੇ ਦੇ ਕੇ ਕੌਮੀਅਤ ਦੇ ਸ਼ੀਰਾਜ਼ੇ ਨੂੰ ਪਾਸ਼ ਪਾਸ਼ ਕਰਨ ਉਤੇ ਆ ਉਤਰਨ, ਉਨ੍ਹਾਂ ਨੇ ਭਲਾ ਬਣਨ ਵਾਲੀ ਰਾਜਗੀਰੀ ਦੇ ਅਹੁਦੇ ਹਾਸਲ ਕਰ ਕੇ ਕੀ ਪੂਰੀਆਂ ਪਾਉਣੀਆਂ ਹਨ ? ਅਜਿਹੇ ਪੁਰਸ਼ਾਂ ਦੇ ਹੱਥ ਆਈ ਰਾਜਗੀਰੀ ਝਬਦੇ ਹੀ ਰਾਜਗਰਦੀ ਵਿਚ ਪਲਟ ਜਾਇਗੀ । ਅਜਿਹੀ ਹਾਲਤ ਵਿਚ ਦੇਸ਼ ਤੇ ਕੌਮ ਦਾ ਕੀ ਭਲਾ ਹੋ ਸਕੇਗਾ ? ਆਪਾ-ਪ੍ਰਸਤਾਂ ਤੋਂ ਕੌਮ-ਪ੍ਰਸਤੀ ਨਹੀਂ ਹੋ ਸਕਦੀ ।

[ਭਾ: ਸਾ: ਭਾ: ਰਣਧੀਰ ਸਿੰਘ ਜੀ ਲਿਖਤ ਪੁਸਤਕ 'ਗੁਰਮਤਿ ਲੇਖ' ਵਿਚੋਂ



www.AKJ.Org

# ਦਸਮੇਸ਼ ਪਿਤਾ ਦ੍ਰਿੜ੍ਹਾਈ ਸੱਚੀ ਸੁੱਚੀ ਸਾਂਝੀਵਾਲਤਾ

[ਵਲੋਂ—ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਜਿਨ੍ਹਾਂ ਜਨਾਂ ਨੂੰ ਪ੍ਰਮਾਰਥ ਦੇ ਸੱਚੇ ਰੰਗਾਂ ਦਾ ਪ੍ਰੇਮ-ਰੰਗ ਨਹੀਂ ਚੜ੍ਹਿਆ, ਉਹ ਕੀ ਜਾਣਨ ਸਾਰ ਸੱਚੀ ਸਾਂਝੀਵਾਲਤਾ ਦੀ। ਇਸ ਜ਼ਮਾਨੇ ਦੇ ਚਾਰ-ਦਿਵਸੀ ਚੋਜਾਂ ਅੰਦਰ ਜਿਨ੍ਹਾਂ ਨੂੰ ਧੁਰ ਧੁਰੰਦਰੋਂ ਆਈ ਸੱਚੀ ਸਾਂਝੀਵਾਲਤਾ ਦਾ ਰੰਗ ਨਹੀਂ ਚੜ੍ਹਿਆ, ਉਹ ਇਸ ਓਪਰੀ ਜਿਹੀ ਨਾਸਤਕਤਾ ਦੇ ਹੋਛੇ ਰੰਗਾਂ ਵਿਚ ਹੀ ਮੁੱਠੇ ਜਾਂਦੇ ਹਨ। ਓੜਕ ਓਹ ਨਾਸਤਕਾਂ ਦੇ ਮੰਡਲ ਵਿਚ ਹੀ ਫਿਰਨ ਲਗ ਪੈਂਦੇ ਹਨ। ਪਰੰਤੂ ਯਾਦ ਰਹੇ ਕਿ ਇਹ ਹੋਛੀ ਠਗਮੂਰੀ ਖਾ ਕੇ, ਠੱਗੇ ਹੋਏ ਮੁੜ ਘਿੜ ਕੇ, ਫੇਰ ਗੇੜਾ ਖਾ ਕੇ ਗੁਰੂ ਘਰ ਵਿਚ ਆਵਣਗੇ। ਜਿਨ੍ਹਾਂ ਨੇ ਬੜੇ ਦਰਦ ਵਿਚ ਆ 'ਦਰਦ-ਸੁਨੇਹੇ' ਲਿਖੇ ਸਨ, ਉਹ ਜ਼ਮਾਨੇ ਦੀ ਹਵਸ ਅਨੁਸਾਰ ਚਾਹੇ ਕੁਛ ਕਾਲ ਲਈ ਨਾਸਤਕਤਾ ਦਾ ਗੇੜ ਖਾ ਕੇ ਗੁਰੂ ਘਰ ਦੀ ਸੱਚੀ ਸਾਂਝੀਵਾਲਤਾ ਤੋਂ ਦੂਰ ਹੋ ਗਏ ਹਨ, ਪਰ ਜਿਸ ਦਿਨ ਵੀ ਇਹ ਗੇੜ ਮੁਕ ਗਿਆ, ਜ਼ਰੂਰ ਪਰ ਜ਼ਰੂਰ ਮੁੜ ਆਵਣਗੇ। ਇਹ ਨਾਸਤਕਤਾ ਦੀ ਹਵਾ ਚਾਰ ਦਿਨ ਵਾਸਤੇ ਵਗੀ ਹੈ ਅਤੇ ਇਸ ਜ਼ਮਾਨੇ ਦੇ ਗੇੜ ਅੰਦਰ ਜਦੋਂ ਵੀ ਮੁਕ ਗਈ, ਓਹ ਬਜਾਏ ਨਾਸਤਕਤਾ ਦਾ ਪਰਚਾਰ ਕਰਨ ਦੇ ਸੱਚੀ ਸਾਂਝੀਵਾਲਤਾ ਨੂੰ ਗ੍ਰਹਿਣ ਕਰ ਲੈਣਗੇ। ਹੁਣ ਤਾਂ ਕਰਾੜਾਂ ਬ੍ਰਾਹਮਣਾਂ ਦੇ ਪੈਰ ਹੇਠ ਬਟੇਰਾ ਆਵਣ ਦੀ ਕਹਾਵਤ ਅਨੁਸਾਰ ਸਾਰੇ ਹੀ ਸ਼ਿਕਾਰੀ ਬਣ ਬੈਠੇ ਹਨ। ਜਦੋਂ ਵੀ ਸਮਾਂ ਆ ਗਿਆ ਤਾਂ ਇਕ ਵਾਰੀ ਹੀ ਸਾਰੇ ਨਾਸਤਕਤਾ ਦੇ ਪੁਜਾਰੀਆਂ ਸਮੇਤ ਮੁੜ ਘਿੜ ਕੇ ਸੱਚੀ ਸਾਂਝੀਵਾਲਤਾ ਦਾ ਰਸ ਚਖਣਗੇ।

ਇਹ ਕਹਿਣਾ ਬਿਲਕੁਲ ਹੀ ਗਲਤ ਹੈ ਕਿ ਸ੍ਰੀ ਦਸਮੇਸ਼ ਪਿਤਾ ਜੀ ਦੀ ਸਾਂਝੀਵਾਲਤਾ ਪਹਿਲੇ ਗੁਰੂ ਸਾਹਿਬ ਤੋਂ ਵਿਲੱਖਣ ਸੀ। "ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ"* ਵਾਲੀ ਸਪਿਰਿਟ ਤਾਂ ਹੁਣ ਵੀ ਦਸਮੇਸ਼ ਪਿਤਾ ਦੇ ਪਰਚਾਰ ਅੰਦਰ ਮੌਅਜਜ਼ਨ (ਠਾਠਾਂ ਮਾਰ ਰਹੀ) ਹੈ। ਸੋ ਸ੍ਰੀ ਦਸਮੇਸ਼ ਪਿਤਾ ਹੀ ਹੁਣ ਵੀ ਸੱਚੀ ਸਾਂਝੀਵਾਲਤਾ ਦੀ ਅਸਲ ਸਪਿਰਿਟ ਦੇ ਵਿਸਥਾਰ-ਕਰਤਾ ਹਨ। ਜਿਉਂ ਜਿਉਂ ਅੰਨ੍ਹੇ ਆਗੂਆਂ ਵਾਂਗੂ ਉਨ੍ਹਾਂ ਦੇ ਪਿਛ-ਲੱਗਾਂ ਨੂੰ ਸੁਰਤ ਆਉਂਦੀ ਗਈ, ਤਿਉਂ ਤਿਉਂ ਉਹ ਆਪੇ ਹੀ ਸੱਚਾ ਪਸਚਾਤਾਪ ਕਰ ਕੇ ਮੁੜ ਗੁਰੂ ਘਰ ਵਿਚ ਆਵਣਗੇ। ਇਸ ਵਿਚ ਰੰਚਕ ਸੰਦੇਹ ਨਹੀਂ ਕਿ ਅਜ ਦੀ ਚਲ ਰਹੀ ਲਹਿਰ ਵਿਚ ਘੁੱਘੂ ਮੱਟ ਵਾਸੀਆਂ ਨੂੰ ਕੁਝ ਸੁਝਦਾ ਬੁਝਦਾ ਨਹੀਂ, ਪਰ ਸਮਾਂ ਆਵਣ ਵਾਲਾ ਹੈ ਕਿ ਸਭ ਨੂੰ ਸੂਝ ਬੂਝ ਆ ਜਾਵੇਗੀ।

ਸ੍ਰੀ ਦਸਮੇਸ਼ ਜੀ ਵਾਸਤਵ ਵਿਚ ਸੱਚੀ ਅਤੇ ਸੁੱਚੀ ਸਾਂਝੀਵਾਲਤਾ ਦੇ ਆਦੀ ਹਨ ਅਤੇ ਉਨ੍ਹਾਂ ਦੀ ਵਿਸਥਾਰ ਕੀਤੀ ਹੋਈ ਲਹਿਰ ਜ਼ਰੂਰ ਆਪਣਾ ਰੰਗ ਲਿਆਵੇਗੀ ਅਤੇ ਸਭ ਵਾਦੀਆਂ ਬੇਵਾਦੀਆਂ ਨੂੰ ਸੱਚੇ ਰਸਤੇ ਲਿਆਵੇਗੀ। ਅੱਜ ਕੱਲ੍ਹ ਇਹ ਰਿਵਾਜ ਹੀ ਹੋ ਗਿਆ ਹੈ ਕਿ ਜਣਾ ਖਣਾ ਉਠ ਕੇ ਕਮਿਊਨਿਸਟ ਬਣ ਬਹਿੰਦਾ ਹੈ। ਇਹ ਕਮਿਊਨਿਜ਼ਮ ਵੀ ਥੋੜੇ ਦਿਨਾਂ ਦੀ ਹੀ ਪ੍ਰਾਹੁਣੀ ਜਾਪਦੀ ਹੈ।

ਬਹੁਤਾ ਤਾਂ ਇਹ ਗੁਰੂ-ਡੰਮ ਵਾਲੇ ਸੰਤਾਂ ਨੇ ਘਾਟਾ ਪਹੁੰਚਾਇਆ ਹੈ। ਸਾਨੂੰ ਅੱਛੀ ਤਰ੍ਹਾਂ ਯਾਦ ਹੈ ਇਕ ਓਪਰਾ ਜਿਹਾ ਸੰਤ ਉਪਰੋਂ ਗੁਰੂ-ਸੰਤ ਬਣਿਆ ਹੋਇਆ ਸੀ, ਅੰਦਰੋਂ ਕਮਿਊਨਿਜ਼ਮ ਦਾ ਪ੍ਰਚਾਰ ਕਰਦਾ ਸੀ। ਹੱਡੀ ਦਾ ਚਸਕਾ ਉਸ ਨੂੰ ਕਮਿਊਨਿਜ਼ਮ ਦਾ ਇਹੋ ਜਿਹਾ ਪਿਆ ਹੋਇਆ ਸੀ ਕਿ ਉਸ ਦੇ ਸੰਗ ਸਾਥ ਰਹਿਣ ਵਾਲੇ ਸਾਰੇ ਮੋਨੇ ਕਮਿਊਨਿਸਟ ਸਨ। ਉਪਰੋਂ ਉਪਰੋਂ ਸੰਤ-ਡੰਮ੍ਹ ਦਾ ਪ੍ਰਚਾਰ ਕਰੀ ਜਾਂਦੇ ਸਨ, ਕਿਉਂਕਿ ਉਨ੍ਹਾਂ ਦਾ ਸਰਦਾ ਨਹੀਂ ਸੀ, ਅੰਦਰੋਂ ਪੁਜ ਕੇ ਵੱਡੇ ਕਮਿਊਨਿਸਟ ਸਨ।

---

* ਮਾਝ ਮ: ੫, ॥੩॥(੪॥੨॥੯), ਪੰਨਾ ੯੭



www.AKJ.Org

ਇਨ੍ਹਾਂ ਗੁਰੂ-ਡੰਮ੍ਹੀਆਂ ਨੇ ਸਾਂਝੀਵਾਲਤਾ ਨੂੰ ਬੜਾ ਨੁਕਸਾਨ ਪਹੁੰਚਾਇਆ ਹੈ। ਸ੍ਰੀ ਦਸਮੇਸ਼ ਜੀ ਨੇ ਇਸ ਗੁਰੂ-ਡੰਮ੍ਹ ਦਾ ਫਸਤਾ ਵੱਢ ਦਿੱਤਾ ਸੀ; ਪਰ "ਘਰ ਘਰ ਹੋਇ ਬੈਠ ਹੈਂ ਰਾਮਾ ॥ ਤਿਨ ਤੇ ਸਰੇ ਨ ਕੋਊ ਕਾਮਾ"† ਦੇ ਵਾਕਾਂ ਅਨੁਸਾਰ ਇਹ ਸੰਤ-ਡੰਮ੍ਹੀਏ ਕੁਛ ਵੀ ਸਵਾਰ ਨਹੀਂ ਸਕਦੇ। ਸਿਵਾਏ ਇਸ ਦੇ ਕਿ ਢਾਹ ਲਾਈ ਹੋਈ ਹੈ ਗੁਰੂ ਦਸਮੇਸ਼ ਜੀ ਦੇ ਸੱਚੇ ਮਿਸ਼ਨ ਨੂੰ। ਇਹ ਸੰਤ-ਡੰਮ੍ਹੀਏ ਗੁਰੂ ਦਸਮੇਸ਼ ਜੀ ਦੀ ਸੰਚਾਲਕ ਸਾਂਝੀਵਾਲਤਾ ਨੂੰ ਬੜੀ ਢਾਹ ਲਾ ਰਹੇ ਹਨ। ਇਹ ਆਪ ਹੀ ਖੈ ਹੋ ਜਾਣਗੇ। ਚਾਰ ਦਿਨ ਕੀ ਚਾਂਦਨੀ ਫੇਰ ਹਨ੍ਹੇਰੀ ਰਾਤ।

ਕਮਿਊਨਿਸਟਾਂ ਦੀ ਸਾਂਝੀਵਾਲਤਾ ਨਿਰੋਲ ਆਰਥਕ ਏਕਤਾ ਉਤੇ ਜ਼ੋਰ ਦਿੰਦੀ ਹੈ; ਸਾਰੀ ਫੌਜ ਦੇ ਸਿਪਾਹੀਆਂ ਨੂੰ ਜਾਂ ਕਿਸੇ ਦਫ਼ਤਰ ਦੇ ਕਲਰਕਾਂ ਨੂੰ ਇਕੋ ਜਿੰਨੀ ਤਨਖ਼ਾਹ ਮਿਲਦੀ ਹੈ। ਪਰ ਇਸ ਆਰਥਕ ਏਕਤਾ ਨਾਲ ਕੋਈ ਮਾਨਸਕ ਤੇ ਆਤਮਕ ਸਾਂਝੀਵਾਲਤਾ ਨਹੀਂ ਪੈਦਾ ਹੋ ਜਾਂਦੀ। ਤੱਤ ਸਾਂਝੀਵਾਲਤਾ "ਖਾਲਸਾ" ਪੰਥ ਵਿਚ ਹੈ, ਜਿਥੇ ਕਿ ਗੁਰਸਿੱਖੀ ਵਿਚ ਕਦਮ ਰਖਦਿਆਂ ਘਟ ਘਟ ਅੰਦਰ ਜੋਤੀਸ਼ ਵਾਹਿਗੁਰੂ ਨਜ਼ਰ ਆਉਂਦਾ ਹੈ। ਅਪਣੱਤ ਜਾਂ ਪਰਾਇਆ ਹੱਕ ਮਾਰਨ ਦੀ ਲਾਲਸਾ ਉੱਕੀ ਹੀ ਮਿਟ ਜਾਂਦੀ ਹੈ। ਵੈਰ ਵਿਰੋਧ ਤੇ ਖ਼ੁਦਗਰਜ਼ੀਆਂ ਦਾ ਨਿਸ਼ਾਨ ਹੀ ਨਹੀਂ ਰਹਿੰਦਾ। ਹਰ ਪ੍ਰਾਣੀ ਮਾਤ੍ਰ ਵਿਚ, ਹਰ ਜੀਵ ਵਿਚ ਗੁਰਮੁਖ ਵਿਅਕਤੀਆਂ ਨੂੰ ਵਾਹਿਗੁਰੂ ਦੀ ਜੋਤਿ ਨਜ਼ਰ ਆਉਂਦੀ ਹੈ। "ਏਕੁ ਪਿਤਾ ਏਕਸ ਕੇ ਹਮ ਬਾਰਿਕ"‡ ਵਾਲਾ ਰਿਸ਼ਤਾ ਉਸ ਦਾ ਸਾਰੀ ਮਾਨਵ-ਸ੍ਰਿਸ਼ਟੀ ਨਾਲ ਗੰਢਿਆ ਜਾਂਦਾ ਹੈ। ਸਰਬੱਤ ਦਾ ਭਲਾ ਚਾਹੁਣ ਵਾਲਾ ਖਾਲਸਾ, ਸਾਰੀ ਸ੍ਰਿਸ਼ਟੀ ਦਾ ਦੁਖ ਹਰਨ ਲਈ ਤੱਤਪਰ ਰਹਿੰਦਾ ਹੈ। ਜਿਥੇ ਕਿਤੇ ਵੀ ਪਾਪ ਦਾ ਪਸਾਰਾ ਹੋਵੇ, ਓਥੇ ਉਹ ਧਰਮ ਤੇ ਸੱਚਾਈ ਲਈ ਲੜਨ ਲਈ ਤਿਆਰ ਰਹਿੰਦਾ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਂਝੀਵਾਲਤਾ ਤੋਂ ਅੱਜ ਸਾਡੇ ਬਹੁਤ ਸਾਰੇ ਸਿਖ ਹੀ ਖੁੰਝੇ ਫਿਰਦੇ ਹਨ। ਉਹ ਇਸ ਲਈ ਕਿ ਉਹ ਆਤਮਕ ਜੀਵਨ ਤੋਂ ਵਾਂਞੇ ਹਨ। ਕਮਿਊਨਿਜ਼ਮ ਵਿਚ ਵੀ ਉਹ ਆਪਣੇ ਪੁਲੀਟੀਕਲ ਝੱਸ ਲਈ ਤੇ ਖ਼ਾਹਸ਼ਾਂ ਦੀ ਪੂਰਤੀ ਲਈ ਰੁਲਦੇ ਹਨ। ਉਨ੍ਹਾਂ ਦੀ ਮਾਨਸਕ ਤਸੱਲੀ ਜਾਂ ਆਤਮਕ ਤ੍ਰਿਪਤੀ ਪੂਰੀ ਨਹੀਂ ਹੁੰਦੀ। ਬਾਹਰੋਂ ਬਾਹਰੋਂ ਸਿੱਖ ਪੰਥ ਦੇ ਭਲੇ ਦੇ ਭੀ ਢੌਂਗ ਰਚਦੇ ਹਨ, ਅੰਦਰੋਂ ਉਹ ਪੂਰੇ ਨਹੀਂ ਤਾਂ ਅੱਧੇ ਨਾਸਤਕ ਜ਼ਰੂਰ ਹੁੰਦੇ ਹਨ। ਧਰਮ ਦੇ ਨਾਮ ਤੇ ਅਧਰਮ ਤੇ ਨਾਸਤਕਤਾ ਦਾ ਪਰਚਾਰ ਕਰਨਾ ਲੋੜਦੇ ਹਨ।

ਜਿਸ ਸਾਂਝੀਵਾਲਤਾ ਦੀ ਬੁਨਿਆਦ ਹੀ ਨਾਸਤਕਤਾ ਤੇ ਨਫ਼ਰਤ ਹੈ, ਉਸ ਸਾਂਝੀਵਾਲਤਾ ਨੂੰ ਮਾਨਵ ਜਾਤੀ ਨਾਲ ਹਮਦਰਦੀ ਕਿਥੋਂ ਹੋ ਸਕਦੀ ਹੈ? ਬੇਗਰਜ਼ ਹਮਦਰਦੀ ਉਨ੍ਹਾਂ ਵਿਚ ਹੋ ਹੀ ਨਹੀਂ ਸਕਦੀ, ਨਾ ਹੀ ਬੇਗਰਜ਼ ਕੁਰਬਾਨੀ ਤੇ ਸ੍ਰਿਸ਼ਟੀ ਦੀ ਸੇਵਾ ਦਾ ਮਾਦਾ ਉਨ੍ਹਾਂ ਵਿਚ ਆ ਸਕਦਾ ਹੈ। ਆਪਣੀ ਪਾਰਟੀ ਤੋਂ ਬਾਹਰ ਸਭ ਆਦਮੀ ਵੈਰੀ ਨਜ਼ਰ ਆਉਂਦੇ ਹਨ। ਜ਼ੋਰ ਜ਼ੁਲਮ ਨਾਲ ਕਮਿਊਨਿਸਟ ਨਜ਼ਾਮ ਖੜਾ ਕਰਨਾ ਉਨ੍ਹਾਂ ਦਾ ਮੁਖ ਅਕੀਦਾ ਹੁੰਦਾ ਹੈ। ਜਿਥੇ ਜ਼ੁਲਮ ਹੋਵੇ ਓਥੇ ਸੱਚਾਈ ਕਾਹਦੀ. ਧਰਮ ਕਾਹਦਾ? ਓਥੇ ਤਾਂ ਸਹਿਮ ਵਿਚ ਗ਼ੁਲਾਮ ਹੋਈ ਪਰਜਾ ਦੀ ਬਣਾਉਟੀ ਸਾਂਝੀਵਾਲਤਾ ਹੀ ਹੁੰਦੀ ਹੈ।

ਸੱਚੀ ਸਾਂਝੀਵਾਲਤਾ ਕੇਵਲ ਸ੍ਰੀ ਦਸਮੇਸ਼ ਜੀ ਦੇ ਪਰਮ ਪਵਿੱਤਰ ਸਮਾਜਕ ਤੇ ਅਧਿਆਤਮਕ ਅਸੂਲਾਂ ਤੇ ਹੀ ਹੋ ਸਕਦੀ ਹੈ। ਏਸ ਸਾਂਝੀਵਾਲਤਾ ਦੇ ਸਦਕੇ ਹੀ ਹਰ ਪਛੜੀ ਸ਼੍ਰੇਣੀ ਵਿਚੋਂ ਸਜੀਆਂ ਖਾਲਸਾ ਰੂਹਾਂ ਨੇ ਸਦੀਆਂ ਦੀ ਜੰਮੀ ਮੁਗ਼ਲ ਸਲਤਨਤ ਦਾ ਤਖ਼ਤ ਉਲਟਾ ਦਿਤਾ। ਜ਼ੁਲਮ ਦਾ ਥਾਂ ਥਾਂ ਟਾਕਰਾ ਕਰ ਕੇ ਹਰ ਦੀਨ ਦੁਖੀ ਦੀ, ਬਿਨਾਂ ਰਾਜਸੀ ਗ਼ਰਜ਼ ਦੇ ਸਹਾਇਤਾ ਕੀਤੀ। ਅਗਰ ਸੰਸਾਰ ਉਤੇ ਕੋਈ ਸਥਾਈ ਸਾਂਝੀਵਾਲਤਾ ਹੋਈ, ਉਹ ਦਸਮੇਸ਼ ਜੀ ਦੇ ਇਨ੍ਹਾਂ ਪਰਮ ਅਸੂਲਾਂ ਉਤੇ ਹੀ ਹੋ ਸਕਦੀ ਹੈ।

† ਦਸਮ ਗ੍ਰੰਥ, ਕਲਕੀ ਅਵਤਾਰ, ਅੰਕ ੧੨-੪
‡ ਸੋਰਠਿ ਮ: ੫ ਘਰੁ ੨, ਪੰਨਾ ੬੧੧



www.AKJ.Org

# ਸਭਦੂ ਵਡੇ ਭਾਗ ਗੁਰਸਿਖਾ ਕੇ

[ਪ੍ਰੋਫ਼ੈਸਰ ਗੁਰਮੁਖ ਸਿੰਘ ਜੀ, ਗੌਰਮੈਂਟ ਕਾਲਜ, ਸੰਗਰੂਰ]

ਪੰਨਾ ੬੪੯ ਤੇ ਸੋਰਠਿ ਕੀ ਵਾਰ ਮਹਲਾ ੪ ਦੀ ਪਉੜੀ ਵਿਚੋਂ ਹੀ ਉਪਰੋਕਤ ਸਿਰਲੇਖ ਲਿਆ ਗਿਆ ਹੈ। ਇਹ ਪਉੜੀ ਹੇਠਾਂ ਦਰਜ ਕੀਤੀ ਜਾਂਦੀ ਹੈ :—

੧. ਧੰਨੁ ਧਨੁ ਭਾਗ ਤਿਨਾ ਭਗਤ ਜਨਾ, ਜੋ ਹਰਿ ਨਾਮਾ ਹਰਿ ਮੁਖਿ ਕਹਤਿਆਂ ॥
੨. ਧਨੁ ਧਨੁ ਭਾਗ ਤਿਨਾ ਸੰਤ ਜਨਾ, ਜੋ ਹਰਿ ਜਸੁ ਸ੍ਰਵਣੀ ਸੁਣਤਿਆਂ ॥
੩. ਧਨੁ ਧਨੁ ਭਾਗ ਤਿਨਾ ਸਾਧ ਜਨਾ, ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ ॥
੪. ਧਨੁ ਧਨੁ ਭਾਗਾ ਤਿਨਾ ਗੁਰਮੁਖਾ, ਜੋ ਗੁਰ ਸਿਖ ਲੈ ਮਨੁ ਜਿਣਤਿਆ ॥
੫. ਸਭਦੂ ਵਡੇ ਭਾਗ ਗੁਰਸਿਖਾ ਕੇ, ਜੋ ਗੁਰ ਚਰਣੀ ਸਿਖ ਪੜਤਿਆ ॥੧੮॥

ਉਪਰੋਕਤ ਪਉੜੀ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰਸਿਖਾਂ ਦੀ ਮਹਿਮਾ ਦਾ ਵਰਨਣ ਕੀਤਾ ਹੈ ਕਿ ਓਦੋਂ ਹੀ ਸਭਦੂ ਵਡੇ ਭਾਗ ਹੁੰਦੇ ਹਨ, ਜਦੋਂ ਕੋਈ ਗੁਰੂ ਦੀ ਸ਼ਰਨ ਪੈ ਕੇ ਗੁਰੂ ਦਾ ਸਿਖ ਬਣਦਾ ਹੈ। ਉਹ ਭਗਤ ਜਨਾਂ, ਸੰਤ ਜਨਾਂ, ਸਾਧ ਜਨਾਂ ਅਤੇ ਗੁਰਮੁਖ ਜਨਾਂ ਤੋਂ ਭੀ ਅਗੇ ਲੰਘ ਜਾਂਦਾ ਹੈ ਆਤਮਕ ਪੰਧ ਉਤੇ।

ਸਤਿਗੁਰਾਂ ਦੀ ਬਾਣੀ ਸਤਿ ਸਤਿ ਹੈ। ਕਈ ਚਿਰਾਂ ਤੋਂ ਇਨ੍ਹਾਂ ਸਤਰਾਂ ਦੇ ਲੇਖਕ ਦੇ ਮਨ ਇਹ ਸਵਾਲ ਉਠਦਾ ਰਿਹਾ ਹੈ। ਗੱਲ ਬੜੀ ਰਹੱਸਮਈ ਹੈ। ਘਾਲ ਕਮਾਈ ਭੋਰਾ ਜਿੰਨੀ ਭੀ ਨਹੀਂ, ਸਤਿਗੁਰਾਂ ਦੀ ਪਾਈ ਬੁਝਾਰਤ ਕਿਵੇਂ ਬੁਝੀ ਜਾਏ! ਗੁਰਸਿਖ ਸੰਗੀ ਸਾਥੀਆਂ ਨਾਲ ਭੀ ਇਸ ਵਿਸ਼ੇ ਤੇ ਵਿਚਾਰ ਕੀਤੀ, ਪਰ ਵਿਸ਼ਾ ਕਾਫ਼ੀ ਔਖਾ ਹੈ। ਹੇਠਾਂ ਕੁਝ ਕੁ ਸਤਰਾਂ ਲਿਖ ਰਿਹਾ ਹਾਂ, ਪਰ ਡਰ ਕੇ; ਕੋਈ ਦਾਅਵਾ ਨਹੀਂ ਠੀਕ ਹੋਣ ਦਾ।

ਲਗ ਪਗ ਚਾਰ ਸੌ ਬਰਸ ਪਹਿਲਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਇਹ ਫੁਰਮਾਨ ਉਚਾਰੇ। ਅਸੀਂ ਇਤਨੇ ਥੋੜੇ ਸਮੇਂ ਵਿਚ ਇਸ ਗੁਰ ਫੁਰਮਾਨ ਦੀ ਤਹਿ ਤਕ ਨਹੀਂ ਅਪੜ ਸਕੇ। ਕੀ ਕਾਰਨ ਹੈ? ਅਜ ਦੇ ਸਿਖ ਦੀ ਹਾਲਤ ਡਾਵਾਂ ਡੋਲ ਹੋਈ ਪਈ ਹੈ। ਮਾਨਸਿਕ ਤੌਰ ਤੇ ਇਤਨਾ ਨਿਘਰ ਗਿਆ ਹੈ ਕਿ ਉਸ ਦੀ "ਆਧੇਰੈ ਰਾਹੁ ਨ ਕੋਈ" ਵਾਲੀ ਦਸ਼ਾ ਬਣੀ ਹੋਈ ਹੈ।

ਸਿਖ ਦਾ ਗੁਰੂ ਤੋਂ ਬੇਮੁਖ ਹੋਣਾ, ਪਤਿਤਪੁਣੇ ਵਿਚ ਖਜਲ ਹੋਣਾ, ਮਾਇਆ ਨਾਲ ਵਧੇਰੇ ਪਿਆਰ ਪੈ ਜਾਣਾ, ਇਹ ਮਾਰੂ ਰੋਗ ਸਨ ਜੋ ਕੌਮ ਨੂੰ ਆ ਚਿੰਬੜੇ ਸਨ। ਸ਼ੁਕਰ ਕਰੀਏ ਕੌਮ ਨੂੰ ਗੁਰੂ ਫਿਰ ਚੇਤੇ ਆ ਰਿਹਾ ਹੈ। ਅਸੀਂ ਸਤਿਗੁਰਾਂ ਦੇ ਮਹਾਨ ਬਚਨ ਭੁਲਾਂ ਬੈਠੇ ਸਾਂ। ਇਹਨਾਂ ਬੋਲਾਂ ਵਿਚ ਗੁਝੇ ਰਹੱਸ ਲੁਕੇ ਪਏ ਹਨ, ਆਉ ਜਤਨ ਕਰੀਏ, ਸਤਿਗੁਰੂ ਜੀ ਨੂੰ ਬੇਨਤੀ ਕਰਕੇ ਪੁਛੀਏ, ਸਾਡੇ ਸਭਦੂ ਵਡੇ ਭਾਗ ਕਿਵੇਂ ਹਨ? ਭਾਈ ਗੁਰਦਾਸ ਜੀ ਨੂੰ ਪੁਛੀਏ, ਆਪ ਜੀ ਤਾਂ ਸਤਿਗੁਰਾਂ ਦੇ ਪਰਤਖ ਚਰਨ ਪਰਸਦੇ ਰਹੇ ਹੋ, ਸਾਨੂੰ ਚਾਨਣ ਬਖਸ਼ੋ। ਸਾਨੂੰ ਤਾਂ ਇਹ ਭੀ ਨਹੀਂ ਪਤਾ ਕਿ 'ਭਾਗ' ਸ਼ਬਦ ਗੁਰਬਾਣੀ ਵਿਚ ਕਿਸ ਆਸ਼ੇ ਨਾਲ ਵਰਤਿਆ ਗਿਆ ਹੈ।

'ਭਾਗ' ਸ਼ਬਦ ਨੂੰ ਗੁਰਬਾਣੀ ਵਿਚ ਹਮੇਸ਼ਾ ਉਹਨਾਂ ਚੰਗੇ ਅਤੇ ਅਤਿ ਉਤਮ ਭਾਗਾਂ ਲਈ ਵਰਤਿਆ ਗਿਆ ਮਿਲਦਾ ਹੈ, ਜਿਸ ਰਾਹੀਂ ਪ੍ਰਾਣੀ ਨੂੰ ਧੁਰ ਤੋਂ ਸਤਿਗੁਰੂ ਜੀ ਦੇ ਮਿਲਾਪ ਦੀ ਬਖਸ਼ਸ਼ ਹੋਵੇ, ਨਾਮ ਦੀ ਦਾਤਿ ਦੀ ਬਖਸ਼ਸ਼ ਹੋਵੇ, ਜਾ ਸਹਜ ਪਦ ਦੀ ਪ੍ਰਾਪਤੀ ਦੀ ਬਖਸ਼ਸ਼ ਹੋਵੇ। ਭਾਵ, ਦੁਨਿਆਵੀ ਪਦਾਰਥਕ ਵਸਤੂਆਂ ਦੀ ਪਰਾਪਤੀ ਲਈ ਕਰਮ ਸਬਦ ਹੀ ਵਰਤਿਆ ਹੈ, ਭਾਗ ਨਹੀਂ। ਮਨੁਖ ਸਰੀਰ ਲਈ ਭੀ ਕਰਮ ਜ਼ਿਮੇਵਾਰ ਹੈ।

ਕਰਮੀ ਆਵੈ ਕਪੜਾ, ਨਦਰੀ ਮੋਖੁ ਦੁਆਰੁ ॥ (ਜਪੁ ਜੀ, ਪੰਨਾ ੨)

ਪਿਛੇ ਜਿਹੇ ਇਕ ਲੇਖ ਵਿਚ ਇਹ ਵੀਚਾਰ ਸੂਰੇ (ਜੂਨ ਅਤੇ ਦਸੰਬਰ ੮੪) ਵਿਚ ਪੜ੍ਹੇ ਸਨ ਕਿ ਸਤਿਗੁਰੂ ਜੀ ਦੀ ਪਦਵੀ ਧੁਰੋਂ ਸ੍ਰੀ ਅਕਾਲ ਪੁਰਖ ਜੀ ਨੇ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬਖਸ਼ਸ਼ ਕੀਤੀ। ਵੇਦ ਕਤੇਬ



www.AKJ.Org

ਅਤੇ ਸੰਸਾਰ ਦੀਆਂ ਹੋਰ ਫ਼ਿਲਾਸਫ਼ੀਆਂ ਤੋਂ ਉਪਰ ਸਤਿਗੁਰੂ ਜੀ ਦਾ ਸਿਧਾਂਤ ਹੈ। 'ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ,* ਇਹ ਇਕ ਵਿਲੱਖਣ ਸਿਧਾਂਤ ਹੈ। ਆਤਮਕ ਪੰਧ ਉਤੇ ਇਸ ਵੇਲੇ ਕੇਵਲ ਸਤਿਗੁਰੂ ਜੀ ਦੀ ਨੂਰੀ ਜੋਤਿ ਦਾ ਹੀ ਪ੍ਰਕਾਸ਼ ਹੈ।

ਜਿਸ ਦਾ ਗੁਰੂ ਸਤਿਗੁਰੂ ਇਤਨੀ ਉਚੀ ਪਦਵੀ ਦਾ ਮਾਲਕ ਹੋਵੇ ਉਸ ਦੇ ਸਿਖਾਂ ਦੇ ਭਾਗ ਕਿਵੇਂ ਕਿਸੇ ਨਾਲੋਂ ਘਟ ਹੋ ਸਕਦੇ ਹਨ। ਫੁਰਮਾਨ ਦੋ ਤਰ੍ਹਾਂ ਦੇ ਆਏ ਹਨ, ਗੱਲ ਸਿਧਾਂਤ ਦੀ ਹੈ :–

ਜਿਸ ਦਾ ਸਾਹਿਬੁ ਡਾਢਾ ਹੋਇ ॥ ਤਿਸ ਨੋ ਮਾਰਿ ਨ ਸਾਕੈ ਕੋਇ ॥੪॥......
ਸਤਿਗੁਰੁ ਸੇਵੇ ਕਰਣੀ ਸਾਰੀ ॥ ਦਰਿ ਸਾਚੈ ਸਾਚੇ ਵੀਚਾਰੀ ॥੬॥
(ਬਿਲਾਵਲ ਮ: ੩, ਵਾਰ ਸਤ, ਪੰਨਾ ੮੪੨)

ਸ੍ਰੀ ਅਕਾਲ ਪੁਰਖ ਜੀ ਦੇ ਦਰਬਾਰ ਤੋਂ ਇਸ ਕਰਨੀ ਦਾ (ਕਿ ਸਤਿਗੁਰੂ ਜੀ ਦੀ ਸੇਵਾ ਸਰਬ ਸ੍ਰੇਸ਼ਟ ਹੈ) ਵਿਚਾਰ ਕੀਤਾ ਗਿਆ ਹੈ ਅਤੇ ਜਿਸ ਦਾ ਸਾਹਿਬ ਡਾਢਾ ਹੋਵੇ ਉਸਨੂੰ ਕਿਸੇ ਤੋਂ ਡਰਨ ਦੀ ਲੋੜ ਨਹੀਂ, ਕਿਉਂਕਿ ਉਸ ਨੂੰ ਕੋਈ ਭੀ ਮਾਰ ਨਹੀਂ ਸਕਦਾ।

ਦੂਜਾ ਫੁਰਮਾਨ ਇਸ ਦੇ ਬਿਲਕੁਲ ਉਲਟ ਹੈ–

ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ ਤਿਸ ਦਾ ਨਫਰੁ ਕਿਥਹੁ ਰਜਿ ਖਾਏ ॥
ਜਿ ਸਾਹਿਬ ਕੈ ਘਰਿ ਵਥੁ ਹੋਵੈ, ਸੁ ਨਫਰੈ ਹਥਿ ਆਵੈ, ਅਣਹੋਦੀ ਕਿਥਹੁ ਪਾਏ॥......੨॥੧੨॥
(ਗਉੜੀ ਕੀ ਵਾਰ ਮ: ੪, ਪੰਨਾ ੩੦੬)

ਸਿਖ ਨੂੰ ਇਸ ਗੱਲ ਤੇ ਫਖ਼ਰ ਅਤੇ ਮਾਣ ਹੋਣਾ ਚਾਹੀਦਾ ਹੈ ਕਿ ਉਸਦੇ ਘਰ ਉਹ ਵਥ ਹੈ ਅਤੇ ਉਸਦੀ, ਸਾਹਿਬ ਦੀ ਸਚੀ ਦਰਗਾਹੇ ਪਹੁੰਚ ਹੈ, ਤੇ ਚਲਦੀ ਹੈ–

ਸਤਿਗੁਰੁ ਆਖੈ, ਸਚਾ ਕਰੇ, ਸਾ ਬਾਤ ਹੋਵੈ ਦਰਹਾਲੀ ॥
ਗੁਰ ਅੰਗਦ ਦੀ ਦੋਹੀ ਫਿਰੀ, ਸਚੁ ਕਰਤੈ ਬੰਧਿ ਬਹਾਲੀ ॥...੩॥
(ਰਾਮਕਲੀ ਕੀ ਵਾਰ, ਪੰਨਾ ੯੬੭)

ਭਾਵ, ਸਤਿਗੁਰੂ (ਨਾਨਕ ਦੇਵ ਜੀ) ਜਿਵੇਂ ਕਹਿੰਦੇ ਹਨ, ਉਵੇਂ ਹੀ ਵਾਹਿਗੁਰੂ ਜੀ ਕਰ ਦਿੰਦੇ ਹਨ ਅਤੇ ਉਹੋ ਗੱਲ ਤੁਰਤ ਹੀ ਅਮਲ ਵਿਚ ਆ ਜਾਂਦੀ ਹੈ। ਜਿਵੇਂ ਕਿ, ਜਦੋਂ ਸਤਿਗੁਰੂ ਜੀ ਨੇ ਆਪਣੇ ਸਿਖ ਸ੍ਰੀ ਭਾਈ ਲਹਿਣਾ ਜੀ ਤੇ ਬਖਸ਼ਸ਼ ਕੀਤੀ, ਗੁਰਿਆਈ ਦੇਣ ਦਾ ਫੁਰਮਾਨ ਕੀਤਾ (ਦੋਹੀ ਫੇਰੀ) ਤਾਂ ਉਸ ਦੋਹੀ ਨੂੰ ਕਰਤਾ ਪੁਰਖ ਜੀ ਨੇ ਪੱਕਿਆਂ ਕਰ ਦਿਤਾ, ਉਸਦੀ ਪੁਸ਼ਟੀ ਕਰ ਦਿਤੀ।

ਇਥੇ ਜ਼ਿਕਰ ਆਇਆ ਹੈ ਸ੍ਰੀ ਗੁਰੂ ਅੰਗਦ ਦੇਵ ਜੀ ਦਾ, ਆਪ ਸਤਿਗੁਰੂ ਨਾਨਕ ਦੇਵ ਜੀ ਦੇ ਸਰਬ ਉਤਮ ਸਿਖ ਸਨ। ਆਪ ਤੇ ਸਤਿਗੁਰੂ ਜੀ ਤਰੁੱਠ ਪਏ, ਦਇਆਲ ਹੋ ਪਏ, ਰੀਝ ਪਏ। ਜਦੋਂ ਸਤਿਗੁਰੂ ਸਿਖ ਤੇ ਰੀਝ ਪੈਂਦਾ ਹੈ ਤਾਂ ਉਸਨੂੰ ਗਲ ਨਾਲ ਲਗਾ ਲੈਂਦਾ ਹੈ। ਗੁਰਸਿਖ ਦੀ ਅੰਤਮ ਪ੍ਰੀਤ ਦਾ ਭੀ ਆਦਰਸ਼ ਇਹੋ ਹੈ।

ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ ॥੪॥੩॥੪੧॥ (ਗਉੜੀ ਗੁਆਰੇਰੀ ਮ: ੪–੧੬੪)

ਜਦੋਂ ਗੁਰੂ ਗਲੇ ਲਗਾ ਲੈਂਦਾ ਹੈ ਤਾਂ ਸਿਖ ਅਤੇ ਗੁਰੂ ਵਿਚਕਾਰ ਵਿਥ ਖ਼ਤਮ ਹੋ ਜਾਂਦੀ ਹੈ। ਸ੍ਰੀ ਭਾਈ ਲਹਿਣਾ ਜੀ, ਪਾਰਸ ਨੂੰ ਪਰਸ ਕੇ ਪਾਰਸ ਹੋ ਗਏ। ਲੋਹਾ ਪਾਰਸ ਨੂੰ ਛੋਹ ਜਾਏ ਤਾਂ ਪਾਰਸ ਉਸ ਨੂੰ ਲੋਹੇ ਤੋਂ ਸੋਨਾ ਹੀ ਬਣਾ ਸਕਦਾ ਹੈ, ਆਪਣੇ ਵਰਗਾ ਪਾਰਸ ਨਹੀਂ ਬਣਾ ਸਕਦਾ। ਸਿਖ ਦੇ ਵਡੇ ਭਾਗ ਇਸ ਗਲ ਵਿਚ ਹਨ ਕਿ ਜਦੋਂ ਉਸਨੂੰ ਸਤਿਗੁਰੂ-ਪਾਰਸ ਆਪਣੀ ਛੋਹ ਦਿੰਦਾ ਹੈ, ਉਹ ਪਾਰਸ ਬਣ ਜਾਂਦਾ ਹੈ।

ਪਾਰਸੁ ਜਬ ਭੇਟੈ ਗੁਰੁ ਪੂਰਾ, ਤਾ ਪਾਰਸੁ ਪਰਸਿ ਦਿਖਾਇਣਾ ॥੭॥
(ਮਾਰੂ ਮ: ੫–੧੦੭੮)

*ਸੂਹੀ ਮ: ੫, ੪॥੧੦॥੫੭॥



www.AKJ.Org

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਪਾਰਸ-ਛੋਹ ਬਖ਼ਸ਼ੀ। ਸ੍ਰੀ ਗੁਰੂ ਰਾਮਦਾਸ ਜੀ ਨੂੰ ਜਦੋਂ ਪਾਰਸ-ਛੋਹ ਪ੍ਰਾਪਤ ਹੋਈ ਤਾਂ ਉਹ ਨਿਹਾਲ ਹੋ ਗਏ।

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ, ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ, ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥੪॥੫॥੧॥
(ਗਉੜੀ ਬੈਰਾਗਣ ਮ: ੪, ਪੰਨਾ ੧੬੭)

ਜੇ ਸਤਿਗੁਰੂ ਜੀ ਦਾ ਪ੍ਰਕਾਸ਼ ਸੰਸਾਰ ਵਿਖੇ ਨਾ ਹੁੰਦਾ ਤਾਂ ਸਿਖ ਭੀ ਹੋਰਨਾਂ ਪ੍ਰਾਣੀਆਂ ਵਾਂਗ ਰੁਲਦੇ ਫਿਰਦੇ ਤੇ ਸੱਚੀ ਦਰਗਾਹੇ ਉਹਨਾਂ ਦੀ ਕੋਈ ਵਾਤ ਨ ਪੁਛਦਾ, ਪਰ ਇਹ ਤਾਂ ਸਤਿਗੁਰੂ ਜੀ ਦੀ ਅਪਾਰ ਕਿਰਪਾ ਹੈ ਕਿ ਉਹਨਾਂ ਨੇ ਸਿਖ ਦੇ ਮੱਥੇ ਤੇ ਆਪ ਬਖਸ਼ਸ਼ ਦਾ ਹੱਥ ਧਰਿਆ, ਜਿਸ ਕਰਕੇ ਉਸ ਨੂੰ ਦੂਖ ਰੋਗ ਆਮ ਸੰਸਾਰੀਆਂ ਵਾਂਗ ਦੁਖੀ ਨਹੀਂ ਕਰਦੇ।

ਦਰਸਨੁ ਸਾਧ ਮਿਲਿਓ ਵਡਭਾਗੀ ਸਭਿ ਕਿਲਬਿਖ ਗਏ ਗਵਾਝਾ ॥
ਸਤਿਗੁਰੁ ਸਾਹੁ ਪਾਇਆ ਵਡ ਦਾਣਾ, ਹਰਿ ਕੀਏ ਬਹੁ ਗੁਣ ਸਾਝਾ ॥੩॥
(ਜੈਤਸਰੀ ਮ: ੪, ਪੰਨਾ ੬੯੭-੯੮)

ਪੁਨਾ : ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥੨੦॥ (ਰਾਮਕਲੀ ਸਿਧ ਗੋਸਟਿ ਮ: ੧, ਪੰਨਾ ੯੪੦)

ਪੂਰਬਲੇ ਕੀਤੇ ਸ਼ੁਭ ਕਰਮਾਂ, ਹਰਿ ਭਗਤੀ ਸਦਕਾ ਮਸਤਕ ਤੇ ਦਾਗ (ਨੀਸਾਣ) ਪੈਂਦਾ ਹੈ, ਤੇ ਅਗੋਂ ਭਗਤੀ ਕਰਨ ਲਈ ਸਤਿਗੁਰੂ ਜੀ ਦੇ ਘਰ, ਸਿਖ ਨੂੰ ਜਨਮ ਮਿਲਦਾ ਹੈ। ਉਸ ਬਖਸ਼ਸ਼ ਦਾ ਕਰਜ਼ਾ ਉਤਾਰਨ ਲਈ ਸਿਖ ਨਾਮ ਜਪ ਕੇ ਕਰਜ਼ ਉਤਾਰਦਾ ਹੈ—

ਹਮਰੈ ਮਸਤਕਿ ਦਾਗੁ ਦਗਾਨਾ, ਹਮ ਕਰਜ ਗੁਰੂ ਬਹੁ ਸਾਂਢੇ ॥
ਪਰਉਪਕਾਰ, ਪੁੰਨੁ ਬਹੁ ਕੀਆ, ਭਉ ਦੁਤਰੁ ਤਾਰਿ ਪਰਾਂਢੇ ॥੨॥੨੧॥੫੯॥
(ਗਉੜੀ ਪੂਰਬੀ ਮ: ੪—੧੭੧)

ਇਸ ਲਈ : ਗੁਰਸਿਖਾ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ ॥......
ਗੁਰ ਸਤਿਗੁਰ ਕੈ ਮਨਿ ਪਾਰਬ੍ਰਹਮੁ ਹੈ, ਪਾਰਬ੍ਰਹਮੁ ਛਡਾਈ ॥੨॥੧੮॥
(ਗਉੜੀ ਕੀ ਵਾਰ ਮ: ੪, ਪੰਨਾ ੩੧੦)

ਸਤਿਗੁਰੂ ਦੇ ਮਨ ਅੰਦਰ ਪਾਰਬ੍ਰਹਮ ਦਾ ਨਿਵਾਸ ਹੁੰਦਾ ਹੈ। ਤੇ ਜੇ ਸਤਿਗੁਰੂ ਜੀ ਸਿਖ ਦੇ ਅੰਦਰ ਨਿਵਾਸ ਕਰ ਲੈਣ ਤਾਂ ਸਿਖ ਦੇ ਅੰਦਰ ਭੀ ਪਾਰਬ੍ਰਹਮ ਪ੍ਰਕਾਸ਼ਮਾਨ ਹੋ ਜਾਂਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਇਸ ਸੰਬੰਧ ਵਿਚ ਗਉੜੀ ਕੀ ਵਾਰ ਵਿਚ ਦੋ ਥਾਵਾਂ ਤੇ ਫੁਰਮਾਉਂਦੇ ਹਨ :—

(੧) ਗੁਰਸਿਖਾ ਅੰਦਰਿ ਸਤਿਗੁਰੂ ਵਰਤੈ, ਚੁਣਿ ਕਢੇ ਲਧੋਵਾਰੇ ॥੧॥੨੧॥ (ਪੰਨਾ ੩੧੨)
(੨) ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥
ਸਤਿਗੁਰੁ ਆਖੈ ਸੁ ਕਾਰ ਕਮਾਵਨਿ, ਸੁ ਜਪੁ ਕਮਾਵਹਿ,ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ॥੨॥੩੩॥
(ਪੰਨਾ ੩੧੭)

ਸੋਰਠਿ ਕੀ ਵਾਰ ਮ: ੪ ਦੀ ਜੋ ਪਉੜੀ ਇਸ ਲੇਖ ਦੇ ਅਰੰਭ ਵਿਚ ਦਿਤੀ ਗਈ ਹੈ, ਉਸ ਵਿਚ ਜਿਨ੍ਹਾਂ ਭਗਤ ਜਨਾਂ, ਸੰਤ ਜਨਾਂ ਤੇ ਸਾਧ ਜਨਾਂ ਦਾ ਜ਼ਿਕਰ ਆਇਆ ਹੈ, ਉਹਨਾਂ ਸਭਨਾਂ ਦੇ ਭਾਗ ਬੜੇ ਹੀ ਚੰਗੇ ਦਸੇ ਹਨ, ਕਿਉਂਕਿ ਉਹਨਾਂ ਨੂੰ ਹਰਿ ਨਾਮ ਜਪਣ, ਹਰਿ ਜਸ ਸੁਣਨ, ਹਰਿ ਜਸ ਗਾਉਣ ਦਾ ਸੁਭਾਗ ਪ੍ਰਾਪਤ ਹੋਇਆ; ਪਰ ਉਹਨਾਂ ਦੇ ਭਗਤੀ-ਕਾਲ ਸਮੇਂ ਸਤਿਗੁਰੂ ਜੀ ਸੰਸਾਰ ਨੂੰ ਤਾਰਨ ਲਈ ਅਜੇ ਪਰਗਟ ਨਹੀਂ ਸੀ ਹੋਏ। ਇਸ ਲਈ ਸ੍ਰੀ ਗੁਰੂ ਰਾਮ ਦਾਸ ਜੀ ਸਿਖਾਂ ਦੇ ਸਭਦੂ ਵਡੇ ਭਾਗ ਦੀ ਗੱਲ ਆਖਦੇ ਹਨ, ਕਿ ਸਤਿਗੁਰੂ ਜੀ ਦੀ ਚਰਨ ਸਰਨ


www.AKJ.Org

ਗਇਆਂ ਸਿਖ ਨੂੰ ਉਸ ਸਾਲਾਂ-ਬਧੀ ਅਤੇ ਜਨਮਾਂ-ਬੱਧੀ ਘੋਰ ਕਰੜੀ ਤਪੱਸਿਆ ਦੀ ਜ਼ਰੂਰਤ ਨਹੀਂ ਪੈਂਦੀ। ਸਿਖ ਜੇ ਨੀਅਤ ਰਾਸ ਕਰੇ ਤਾਂ ਸਤਿਗੁਰੂ ਜੀ ਅਤੇ ਪਾਰਬ੍ਰਹਮ ਦੇ ਸਾਂਗੋ ਪਾਂਗ ਦਰਸ਼ਨ ਸਹਿਜੇ ਹੀ ਹੋ ਸਕਦੇ ਹਨ।

ਮਿਲਦਿਆਂ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ॥੧॥੨੦॥(ਵਡਹੰਸ ਕੀ ਵਾਰ ਮ: ੪, ਪੰਨਾ ੫੯੪)

ਸੋਰਠਿ ਕੀ ਵਾਰ ਮ: ੪ ਦੀ ਉਪਰੋਕਤ ਪਉੜੀ ਦੇ ਅੰਤ੍ਰੀਵ ਭਾਵ ਹੋਰ ਵਧੇਰੇ ਸਮਝਣ ਲਈ ਆਉ ਵਡਹੰਸ ਕੀ ਵਾਰ ਮ: ੪ ਦੀਆਂ ਕੁਝ ਪਉੜੀਆਂ ਵਿਚ ਦਰਸਾਈ ਸਤਿਗੁਰ ਮਹਿਮਾ ਦੇ ਦਰਸ਼ਨ ਕਰੀਏ। ਇਸ ਵਾਰ ਦੀਆਂ ਸਭ ਪਉੜੀਆਂ ਸ੍ਰੀ ਗੁਰੂ ਰਾਮ ਦਾਸ ਜੀ ਦੁਆਰਾ ਰਚਿਤ ਹਨ।

(ੳ) ਤਿਸੁ ਸਤਿਗੁਰ ਕੀ ਸਭ ਪਗੀ ਪਵਹੁ ਜਿਨਿ ਮੋਹ ਅੰਧੇਰੁ ਚੁਕਾਇਆ॥
ਸੋ ਸਤਿਗੁਰ ਕਹਹੁ ਸਭ ਧੰਨੁ ਧੰਨੁ, ਜਿਨਿ ਹਰਿ ਭਗਤਿ ਭੰਡਾਰ ਲਹਾਇਆ॥
(ਪਉੜੀ ੩, ਪੰਨਾ ੫੮੬)

ਸਾਰੇ ਧੰਨ ਸਤਿਗੁਰੂ, ਧੰਨ ਸਤਿਗੁਰੂ ਆਖੋ ਜਿਨ੍ਹਾਂ ਨੇ ਮਿਹਰ ਕਰਕੇ ਸਿਖ ਨੂੰ ਹਰਿ ਪ੍ਰਭੂ ਦੀ ਪ੍ਰੇਮਾ-ਭਗਤੀ ਦਾ ਭੰਡਾਰ ਲਹਾਇਆ—ਪ੍ਰਾਪਤ ਕਰਵਾਇਆ ਹੈ।

(ਅ) ਸੋ ਪਾਏ ਪੂਰਾ ਸਤਿਗੁਰੂ, ਜਿਸੁ ਧੁਰਿ ਮਸਤਕਿ ਲਿਲਾਟਿ ਲਿਖੋਈਐ॥
ਤਿਸੁ ਗੁਰ ਕੰਉ ਸਭਿ ਨਮਸਕਾਰੁ ਕਰਹੁ, ਜਿਨਿ ਹਰਿ ਕੀ ਹਰਿ ਗਾਲ ਗਲੋਈਐ॥
(ਪਉੜੀ ੪, ਪੰਨਾ ੫੮੭)

ਜਿਸ ਦੇ ਮੱਥੇ ਤੇ ਧੁਰ ਤੋਂ ਹੀ ਸੁਭਾਗ ਲਿਖੇ ਗਏ, ਉਹ ਹੀ ਪੂਰੇ ਸਤਿਗੁਰੂ ਜੀ ਨੂੰ ਪ੍ਰਾਪਤ ਕਰਦਾ ਹੈ। ਸਾਰੇ ਸਿਖ ਤਿਸ ਸਤਿਗੁਰ ਜੀ ਨੂੰ ਨਮਸਕਾਰ ਕਰੋ ਜਿਸ ਨੇ ਹਰੀ ਪ੍ਰਭੂ ਦੀ ਮਹਿਮਾ ਕਰਨ ਦੀ ਗੱਲ ਆਪਣੇ ਸਿਖਾਂ ਨੂੰ ਆਖੀ, ਭਾਵੇਂ ਸਮਝਾਈ, ਦ੍ਰਿੜ੍ਹ ਕਰਵਾਈ।

(ੲ) ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ, ਜਿਥੈ ਕਿਥੈ ਮੈਨੋ ਲਏ ਛਡਾਈ॥
ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ॥ (ਪਉੜੀ ੫, ਪੰਨਾ ੫੮੮)

ਸਤਿਗੁਰੂ ਆਪਣੇ ਸਿਖ ਦੀ ਸਵਾਸ ਸਵਾਸ, ਪਲ ਪਲ ਇਉਂ ਰੱਖਿਆ ਕਰਦਾ ਹੈ ਜਿਵੇਂ ਮਾਂ ਛੋਟੇ ਬੱਚੇ ਦੀ। ਇਸੇ ਲਈ ਸਿਖ ਦੇ ਵਡੇ ਭਾਗ ਹੁੰਦੇ ਹਨ। ਤਿਸ ਗੁਰੂ ਦਾ ਕੋਟਾਨ ਕੋਟ ਧੰਨਵਾਦ ਹੈ (ਸਾਬਾਸਿ ਹੈ) ਜਿਸ ਨੇ ਸਾਨੂੰ ਵਾਹਿਗੁਰੂ ਜੀ ਦੀ ਸੋਝੀ ਪਾਈ, ਬੂਝ ਬੁਝਾਈ।

(ਸ) ਧਨੁ ਧੰਨੁ ਤਿਨਾ ਕਾ ਗੁਰੂ ਹੈ, ਜਿਸੁ ਅੰਮ੍ਰਿਤ ਫਲ ਹਰਿ ਲਾਗੇ ਮੁਖਾ॥ (ਪਉੜੀ ੬, ਪੰਨਾ ੫੮੮)

ਸ੍ਰੀ ਗੁਰੂ ਰਾਮ ਦਾਸ ਜੀ, ਸਤਿਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਅਤੇ ਸ੍ਰੀ ਗੁਰੂ ਅਮਰ ਦਾਸ ਜੀ ਨੂੰ ਧਿਆਨ ਵਿਚ ਰਖ ਕੇ ਇਸ ਵਾਰ ਦੀਆਂ ਸਾਰੀਆਂ ਪਉੜੀਆਂ ਵਿਚ ਸਤਿਗੁਰ-ਮਹਿਮਾ ਗਾ ਰਹੇ ਪਰਤੀਤ ਹੁੰਦੇ ਹਨ। ਐਸੇ ਸਤਿਗੁਰਾਂ ਦੇ ਸਿਖਾਂ ਦੇ ਅੰਗ ਸੰਗ ਹੋ ਕੇ ਭਾਈ ਜੇਠਾ ਜੀ ਨੇ ਭੀ ਹਰਿ ਨਾਮ ਦਾ ਵਣਜ ਕੀਤਾ ਸੀ, ਆਪ ਇਸ ਵਾਰ ਦੀ ਗਿਆਰਵੀਂ ਪਉੜੀ ਵਿਚ ਉਹਨਾਂ ਗੁਰਸਿਖਾਂ ਪ੍ਰਤੀ ਲਿਖਦੇ ਹਨ—

(ਸ) ਗੁਰਸਿਖਾਂ ਮਨਿ ਹਰਿ ਪ੍ਰੀਤਿ ਹੈ, ਗੁਰੁ ਪੂਜਣ ਆਵਹਿ॥
ਹਰਿਨਾਮੁ ਵਣੰਜਹਿ ਰੰਗ ਸਿਉ, ਲਾਹਾ ਹਰਿ ਨਾਮੁ ਲੈ ਜਾਵਹਿ॥
ਗੁਰਸਿਖਾਂ ਕੇ ਮੁਖ ਉਜਲੇ, ਹਰਿ ਦਰਗਹ ਭਾਵਹਿ॥
ਗੁਰੁ ਸਤਿਗੁਰੁ ਬੋਹਲੁ ਹਰਿ ਨਾਮ ਕਾ, ਵਡਭਾਗੀ ਸਿਖ, ਗੁਣ ਸਾਝ ਕਰਾਵਹਿ॥
ਤਿਨਾ ਗੁਰਸਿਖਾਂ ਕੰਉ ਹਉ ਵਾਰਿਆ, ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ॥੧੧॥
(ਪੰਨਾ ੫੯੦)

ਭਾਵ, ਸਿਖ ਮਨ ਵਿਚ ਹਰਿਨਾਮ ਦੀ ਪ੍ਰੀਤ ਲੈ ਕੇ, ਗੁਰੂ ਨੂੰ ਪੂਜਣ ਲਈ ਇਸ ਲਈ ਆਉਂਦੇ ਹਨ


www.AKJ.Org

ਕਿਉਂਕਿ ਉਹਨਾਂ ਦੇ ਗੁਰੂ ਪਾਸ ਹਰਿ ਨਾਮ ਦਾ ਭੰਡਾਰ (ਬੋਹਲ) ਹੈ। ਗੁਰੂ ਦੇ ਦਰਸ਼ਨ ਪਰਸ ਕੇ ਹਰਿ ਨਾਮ ਦੇ ਰੰਗਾਂ ਵਿਚ ਵਿਚਰ ਕੇ ਸੱਚਾ ਵਣਜ ਕਰਦੇ ਤੇ ਲਾਹਾ ਲੈ ਕੇ ਸਚੀ ਦਰਗਾਹੇ ਜਾਂਦੇ ਹਨ, ਜਿਥੇ ਉਹਨਾਂ ਦੇ ਮੁਖ ਉਜਲ-ਦੀਦਾਰੀ ਹੁੰਦੇ ਹਨ। ਇਹ ਗੁਣਾਂ ਦੀ ਸਾਂਝ ਸਤਿਗੁਰੂ ਜੀ ਨਾਲ ਵੱਡੇ ਭਾਗਾਂ ਕਰਕੇ ਹੀ ਹੋ ਆਉਂਦੀ ਹੈ। ਸ੍ਰੀ ਗੁਰੂ ਰਾਮ ਦਾਸ ਜੀ ਉਹਨਾਂ ਵਡਭਾਗੇ ਗੁਰਸਿਖਾਂ ਤੋਂ ਵਾਰਨੇ ਬਲਿਹਾਰਨੇ ਜਾਂਦੇ ਹਨ, ਜੋ ਬਹਿੰਦਿਆਂ ਉਠਦਿਆਂ ਨਾਮ ਦੇ ਰੰਗ ਵਿਚ ਰਤੇ ਰਹਿੰਦੇ ਹਨ।

ਵਡਹੰਸ ਕੀ ਵਾਰ ਮ: ੪ ਵਿਚ ਹੀ ਸ੍ਰੀ ਗੁਰੂ ਅਮਰ ਦਾਸ ਜੀ ਨੇ ਸਤਿਗੁਰੂ ਸੰਬੰਧੀ ਇਕ ਹੋਰ ਬੜੀ ਵੱਡੀ ਗੱਲ ਆਖੀ ਹੈ, ਆਪ ਦਾ ਇਸ਼ਾਰਾ ਸਤਿਗੁਰ ਨਾਨਕ ਦੇਵ ਜੀ ਵਲ ਹੈ—

ਇਕੋ ਸਤਿਗੁਰੁ ਜਾਗਤਾ, ਹੋਰੁ ਜਗੁ ਸੂਤਾ ਮੋਹਿ ਪਿਆਸਿ ॥
ਸਤਿਗੁਰੁ ਸੇਵਨਿ ਜਾਗੰਨਿ ਸੇ, ਜੋ ਰਤੇ ਸਚਿ ਨਾਮਿ ਗੁਣਤਾਸਿ ॥ (ਮ: ੩, ਪੰਨਾ ੫੯੨-੯੩)

ਸਿਖ ਦੇ ਸਭਦੂ ਵਡੇ ਭਾਗ ਇਸੇ ਗੱਲ ਵਿਚ ਹੀ ਹਨ ਕਿ ਉਹ ਜਿਸ ਸਤਿਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੇ ਲੜ ਲਗੇ ਹਨ, ਕੇਵਲ ਉਹ ਹੀ ਇਸ ਘੋਰ ਅੰਧਕਾਰ ਮਈ ਕਲਜੁਗ ਵਿਚ ਜਾਗਦੇ ਹਨ, ਬਾਕੀ ਸਾਰਾ ਸੰਸਾਰ ਮਾਇਆ-ਮੋਹ ਦੀ ਪਿਆਸ (ਤ੍ਰਿਸ਼ਨਾ) ਕਾਰਨ ਸੁੱਤਾ ਪਿਆ ਹੈ। ਇਹ ਸਉਣਾ ਜਾਗਣਾ ਆਤਮਕ ਹੈ। ਇਸ ਕਰਕੇ ਸਾਰੇ ਜਗਤ ਨਾਲੋਂ ਸਿਖਾਂ ਦੇ ਭਾਗ ਚੰਗੇ ਹਨ ਜਿਨ੍ਹਾਂ ਨੂੰ ਸਤਿਗੁਰੂ ਜੀ ਨੇ ਹਲੂਣਾ ਦੇ ਕੇ ਜਗਾ ਲਿਆ ਹੈ।

ਮੌਜੂਦਾ ਪੰਥਕ ਸੰਕਟ ਨੂੰ ਦੇਖ ਕੇ ਰਾਗ ਆਸਾ ਦੀ ਬਾਬਰਵਾਣੀ ਦੀਆਂ ਕਈ ਤੁਕਾਂ ਵਲ ਧਿਆਨ ਜਾਂਦਾ ਹੈ। ਕਈ ਸਿਖ ਮਹਾਰਾਜ ਨੂੰ ਨਿਹੋਰਾ ਸੁਟਦੇ ਹਨ, "ਤੈਂ ਕੀ ਦਰਦੁ ਨ ਆਇਆ ?" ਸੱਚੇ ਪਾਤਿਸ਼ਾਹ ਜੀ ਨੇ ਉਸ ਸਮੇਂ ਦੇ ਅਯਾਸ਼ ਹਿੰਦੂ ਮੁਸਲਿਮ ਸਮਾਜ ਨੂੰ ਸੰਬੋਧਨ ਕਰ ਕੇ ਕਿਹਾ ਸੀ—

ਅਗੋਂ ਦੇ ਜੇ ਚੇਤੀਐ, ਤਾਂ ਕਾਇਤੁ ਮਿਲੈ ਸਜਾਇ ॥
ਸਾਹਾਂ ਸੁਰਤਿ ਗਵਾਈਆ, ਰੰਗਿ ਤਮਾਸੈ ਚਾਇ ॥
ਬਾਬਰਵਾਣੀ ਫਿਰਿ ਗਈ ਕੁਇਰ ਨ ਰੋਟੀ ਖਾਇ ॥੫॥......
ਇਕਿ ਘਰਿ ਆਵਹਿ ਆਪਣੈ, ਇਕਿ ਮਿਲਿ ਮਿਲਿ ਪੁਛਹਿ ਸੁਖ ॥
ਇਕਨ੍ਹਾ ਏਹੋ ਲਿਖਿਆ, ਬਹਿ ਬਹਿ ਰੋਵਹਿ ਦੁਖ ॥
ਜੋ ਤਿਸੁ ਭਾਵੈ ਸੋ ਥੀਐ, ਨਾਨਕ ਕਿਆ ਮਾਨੁਖ ॥੭॥੧੧॥ (ਪੰਨਾ ੪੧੭)

ਗੁਰਸਿਖਾਂ ਦੇ ਵੱਡੇ ਭਾਗ ਤਾਂ ਹੀ ਹਨ, ਜੇ ਉਹ ਹਰਿਨਾਮ ਦੇ ਵਣਜ ਵਪਾਰ ਵਿਚ ਦ੍ਰਿੜ੍ਹ ਹੋਏ ਰਹਿਣ। ਜੇ ਗੁਰੂ ਕੇ ਸਿਖ 'ਸੱਚੇ' ਦੀ ਥਾਂ 'ਕਚੇ' ਕੇ ਵਾਪਾਰੀ ਹੀ ਬਣ ਜਾਣ ਤਾਂ ਉਹਨਾਂ ਨੂੰ ਸਜ਼ਾ ਹੀ ਮਿਲਦੀ ਹੈ। ਸਿਖ ਸਮਾਜ ਗੁਰੂ ਨੂੰ ਨਿਹੋਰਾ ਸੁਟਣ ਤੋਂ ਪਹਿਲਾਂ ਆਪਣੇ ਵਲ ਝਾਤ ਮਾਰੇ, ਕੀ ਅਸਾਂ ਰੰਗ ਤਮਾਸ਼ਿਆਂ ਵਿਚ ਸੁਰਤਿ ਨਹੀਂ ਗਵਾਈ ਹੋਈ ? ਤਾਂ ਹੀ ਪਾਤਸ਼ਾਹ ਕਹਿੰਦੇ ਹਨ ਕਿ ਅਗੋਂ ਦੇ ਜੇ ਪ੍ਰਭੂ ਨੂੰ ਚੇਤਿਆ ਹੁੰਦਾ ਤਾਂ ਹੁਣ ਸਜ਼ਾ ਕਿਉਂ ਮਿਲਦੀ। ਹੁਣ ਭੀ ਵੇਲਾ ਹੈ—

ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥
ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥੨॥੧॥ (ਤਿਲੰਗ ਮ: ੯, ਪੰਨਾ ੭੨੬)

ਹੁਣ ਤਕ ਅਸੀਂ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨ ਪਰਸਦੇ ਰਹੇ ਹਾਂ ਕਿ ਕਿਰਪਾ ਕਰਕੇ ਦਸੋ ਜੀ, ਸਭਦੂ ਵੱਡੇ ਭਾਗ ਗੁਰਸਿਖਾਂ ਦੇ ਕਿੰਜ ਹਨ। ਆਉ ਭਾਈ ਗੁਰਦਾਸ ਜੀ ਤੋਂ ਭੀ ਪੁਛੀਏ—

ਗੁਰਸਿਖੀ ਦਾ ਸਿਖਣਾ, ਗੁਰਮੁਖਿ ਸਾਧ ਸੰਗਤਿ ਦੀ ਸੇਵਾ ॥
ਦਸ ਅਵਤਾਰ ਨ ਸਿਖਿਆ, ਗੀਤਾ, ਗੋਸ਼ਟ ਅਲਖ ਅਭੇਵਾ ॥


www.AKJ.Org

ਵੇਦ ਨ ਜਾਣਨ ਭੇਦ ਕਿਹੁ, ਲਿਖਿ ਪੜ੍ਹਿ ਸੁਣ ਸੁਣ ਦੇਵੀ ਦੇਵਾ ॥
ਸਿਧ ਨਾਥ ਨ ਸਮਾਧਿ ਵਿਚਿ, ਤੰਤ ਨ ਮੰਤ ਲੰਘਾਇਨਿ ਖੇਵਾ ॥
ਲਖ ਭਗਤ ਜਗਤ ਵਿਚਿ, ਲਿਖ ਨ ਗਏ ਗੁਰਸਿਖੀ ਟੇਵਾ ॥
ਸਿਲਾ ਅਲੂਣੀ ਚਟਣੀ, ਸਾਦਿ ਨ ਪੁਜੈ ਲਖ ਲਖ ਮੇਵਾ ॥
ਸਾਧ ਸੰਗਤਿ ਗੁਰ ਸਬਦ ਸਮੇਵਾ ॥੪॥ (ਵਾਰ ੨੮, ਪਉੜੀ ੪)

ਗੁਰਸਿਖੀ ਗੁਰੂ ਦੀ ਸੰਗਤ ਦੀ ਸੇਵਾ ਕਰਕੇ ਸਿਖੀ ਜਾਂਦੀ ਹੈ, ਵਿਸ਼ਨੂੰ ਦੇ ਦਸ ਅਵਤਾਰ, ਗੀਤਾ ਦੇ ਸੰਚਾਲਕ ਅਥਵਾ ਗੋਸ਼ਟੀਆਂ ਦੇ ਅਜਿਤ ਸੂਰਮੇ ਗੁਰਸਿਖੀ ਦੀ ਮਹਿਮਾ ਨਹੀਂ ਲਿਖ ਸਕੇ। ਇਵੇਂ ਹੀ ਵੇਦ ਆਦਿ ਨਾ ਸਤਿਗੁਰ ਦੀ, ਨਾ ਹੀ ਸਿਖੀ ਦੀ ਮਹਿਮਾ ਜਾਣ ਸਕੇ ਹਨ, ਸੁਣੀ ਸੁਣਾਈ ਭਾਵੇਂ ਕਹਿੰਦੇ ਹਨ। ਇਹੋ ਹਾਲ ਦੇਵੀ ਦੇਵਤਿਆਂ ਦਾ ਹੈ। ਸਿਧ, ਨਾਥ, ਸਮਾਧੀਆਂ ਲਾਣ ਵਾਲੇ ਜਾਂ ਉਹਨਾਂ ਦੇ ਤੰਤ੍ਰ ਮੰਤ੍ਰ ਸੰਸਾਰ ਸਾਗਰ ਤੋਂ ਪਾਰ ਲੰਘਾ ਸਕਣ ਦੇ ਸਮਰੱਥ ਨਹੀਂ ਹਨ। ਸੰਸਾਰ ਵਿਚ ਲਖਾਂ ਭਗਤ ਹੋਏ ਹਨ, ਪਰ ਕੋਈ ਭੀ ਗੁਰਸਿਖੀ ਦਾ ਪੂਰਬ-ਅਨੁਮਾਨ ਨਹੀਂ ਲਗਾ ਸਕਿਆ। ਨਾਮ ਜਪਣਾ ਗੁਰਸਿਖ ਨੂੰ ਸ਼ੁਰੂ ਸ਼ੁਰੂ ਵਿਚ ਜ਼ਰੂਰ ਫਿੱਕੀ (ਅਲੂਣੀ) ਸਿਲਾ ਚਟਣ ਵਾਂਗ ਲਗੇਗੀ, ਪਰ ਪਿਛੋਂ ਇਸਦੀ ਮਿਠਾਸ ਦੇ ਸਾਹਮਣੇ ਲਖਾਂ ਮੇਵਿਆਂ ਦੀ ਮਿਠਾਸ ਭੀ ਮਾਤ ਪੈ ਜਾਂਦੀ ਹੈ। ਸਾਧ ਸੰਗਤਿ ਵਿਚ ਗੁਰੂ ਦੇ ਸ਼ਬਦ ਰਾਹੀਂ ਸ਼ਚ ਵਿਚ ਸਮਾ ਜਾਈਦਾ ਹੈ।

ਫਿਰ ਲਿਖਿਐ :— ਲਖ ਲਖ ਜੋਗ ਧਿਆਨ ਮਿਲਿ, ਧਰਿ ਧਿਆਨ ਬਹੰਦੇ ॥
ਲਖ ਲਖ ਸੁੰਨ ਸਮਾਧਿ, ਸਾਧਿ ਨਿਜ ਆਸਣ ਸੰਦੇ ॥
ਲਖ ਸੇਖ ਸਿਮਰਣ ਕਰਹਿ, ਗੁਣ ਗਿਆਨ ਗਣੰਦੇ ॥
ਮਹਿਮਾਂ ਲਖ ਮਹਾਤਮਾਂ, ਨਮਸਕਾਰ ਜੈਕਾਰ ਕਰੰਦੇ ॥
ਉਸਤਤਿ ਉਪਮਾਂ ਲਖ ਲਖ, ਲਖ ਭਗਤ ਜਪੰਦੇ ॥
ਗੁਰਮੁਖਿ ਸੁਖ ਫਲ ਪਿਰਮ ਰਸ, ਇਕ ਪਲ ਨ ਲਹੰਦੇ ॥੧੭॥
(ਵਾਰ ੩੮, ਪਉੜੀ ੧੭)

ਗੁਰੂ ਕੇ ਸਿਖ ਦੇ ਪ੍ਰੇਮਾ ਭਗਤੀ ਦੇ ਇਕ ਪਲ ਦੇ ਰਸ ਦੀ ਤੁਲਨਾ ਵਿਚ ਲਖਾਂ ਜੋਗੀਆਂ ਦੀ ਧਿਆਨ-ਸਮਾਧੀ ਦਾ ਅਨੰਦ, ਲਖਾਂ ਸਿਧਾਂ ਦੀ ਸੁੰਨ-ਸਮਾਧੀ ਦਾ ਅਨੰਦ, ਲਖਾਂ ਸ਼ੇਖ ਨਾਗਾਂ ਦੇ ਸਿਮਰਨ ਦਾ ਅਨੰਦ, ਜਾਂ ਲਖਾਂ ਭਗਤਾਂ ਦੀ ਉਸਤਤ ਮਹਿਮਾ ਦਾ ਅਨੰਦ ਕੁਝ ਵੀ ਨਹੀਂ। ਇਸ ਲਈ ਭਾਈ ਗੁਰਦਾਸ ਜੀ ਜ਼ੋਰ ਦੇ ਕੇ ਦ੍ਰਿੜ੍ਹ ਕਰਾਉਂਦੇ ਹਨ ਕਿ ਗੁਰੂ ਕੇ ਸਿਖ ਦੀ ਕਮਾਈ ਦਾ, ਸੰਸਾਰ ਦਾ ਹੋਰ ਕੋਈ ਵਰਗ ਮੁਕਾਬਲਾ ਨਹੀਂ ਕਰ ਸਕਦਾ।

ਅੱਜ ਅਫ਼ਸੋਸ ਇਸ ਗੱਲ ਦਾ ਹੈ ਕਿ ਸਾਡੇ ਪਾਸ ਰਤਨ ਤਾਂ ਹੈ ਪਰ ਅਸੀਂ ਅਮੋਲਕ ਦਾਤਿ ਦੇ ਪਾਰਖੂ ਨਾ ਹੋਣ ਕਰਕੇ ਉਸ ਅੰਨ੍ਹੇ ਮਨੁਖ ਵਾਂਗ ਵਿਚਰ ਰਹੇ ਹਾਂ ਜਿਸ ਦਾ ਕਬੀਰ ਜੀ ਨੇ ਇਸ ਤਰ੍ਹਾਂ ਜ਼ਿਕਰ ਕੀਤਾ ਹੈ—

ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ ॥
ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ ॥੧੧੪॥ (ਪੰਨਾ ੧੩੭੦)

ਅਸੀਂ ਰਤਨ ਛਡ ਕੇ ਕਉਡਾਂ ਨਾਲ ਪ੍ਰੀਤ ਪਾਈ ਬੈਠੇ ਹਾਂ—

ਰਤਨੁ ਤਿਆਗਿ ਸੰਗ੍ਰਹਨ ਕਉਡੀ, ਪਸੂ ਨੀਚੁ ਇਆਨਾ ॥੩॥ (ਬਿਹਾਗੜਾ ਮ: ੫, ਪੰਨਾ ੫੪੭)

---

## ਭਾਈ ਲਾਭ ਸਿੰਘ ਮਾਨ ਸਿੰਘ ਜੀ ਮਥਰਾ ਵਾਲਿਆਂ ਦਾ ਨਵਾਂ ਟਿਕਾਣਾ

ਭਾਈ ਲਾਭ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਚੰਡਾਲ ਚੌਕੜੀ ਵਲੋਂ ਵਰਤਾਏ ਗਏ ਘਲੂਘਾਰੇ ਵਿਚ ਦਾਸ ਦਾ ਸਾਰਾ ਪਰਵਾਰ, ਵੀਰ ਮਾਨ ਸਿੰਘ ਆਪ ਵੀ ਅਤੇ ਉਨ੍ਹਾਂ ਦਾ ਸਾਰਾ ਪਰਵਾਰ ਵੀ ਸ਼ਹੀਦ ਹੋ ਗਿਆ ਹੈ। ਦਾਸ ਇਕੱਲਾ ਹੀ ਰਹਿ ਗਿਆ ਹੈ ਤੇ ਹੁਣ ਗੁ: ਸ੍ਰੀ ਗੁਰੂ ਸਿੰਘ ਸਭਾ ਖੰਨਾ (ਲੁਧਿਆਣਾ) ਵਿਖੇ ਰਹਿ ਰਿਹਾ ਹੈ।


www.AKJ.Org

# ਸ਼ਹੀਦ ਭਾਈ ਤਾਰਾ ਸਿੰਘ ਜੀ 'ਵਾਂ' (੪)

[ਕੈਪਟਿਨ ਸਵਰਨ ਸਿੰਘ ਜੀ]

[ਲੜੀ ਜੋੜਨ ਲਈ ਵੇਖੋ 'ਸੂਰਾ' ਦਸੰਬਰ ੧੯੮੪]

ਭਾਈ ਤਾਰਾ ਸਿੰਘ ਜੀ ਕੋਈ ਵੇਹਲੜ ਡੇਰੇਦਾਰ ਮਹੰਤ ਤੇ ਪੂਜਾ ਪ੍ਰਤਿਸ਼ਟਾ ਦਾ ਧਨ ਛਕ ਕੇ ਆਲਸੀ ਜੀਵਨ ਬਤੀਤ ਕਰਨ ਵਾਲੇ ਵਿਅਕਤੀ ਨਹੀਂ ਸਨ, ਸਗੋਂ ਆਪਣੀ ਕਿਰਤ ਕਮਾਈ ਦੂਜਿਆਂ ਨਾਲ ਵੰਡ ਕੇ ਛਕਣ ਵਾਲੇ ਸਨ। ਉਹ ਗਰੀਬਾਂ ਅਤੇ ਹੀਣਿਆਂ ਤੇ ਦਇਆ ਕਰਨ ਵਾਲੇ, ਮਾੜਿਆਂ ਦੇ ਮਰੈਲ, ਦੁਖਿਆਰਿਆਂ ਦੀ ਬਾਂਹ ਫੜ ਕੇ ਸਿਰੇ ਲਾ ਦੇਣ ਵਾਲੇ, ਇਕ ਅਕਾਲ ਪੁਰਖ ਤੋਂ ਬਿਨਾਂ ਕਿਸੇ ਦਾ ਭੈ ਜਾਂ ਆਸਰਾ ਨਾ ਮੰਨਣ ਵਾਲੇ, ਪੁਜ ਕੇ ਖਾੜਕੂ ਤੇ ਹੱਜ ਕੇ ਨਿਡਰ ਸਨ। ਉਨ੍ਹਾਂ ਦਾ ਦਰ ਹਰ ਲਈ ਹਰੇਕ ਵੇਲੇ ਖੁਲ੍ਹਾ ਸੀ। ਆਪ ਜੀ ਘੋੜਿਆਂ ਦੇ ਗੁਣਾਂ ਔਗਣਾਂ ਦੇ ਚੰਗੇ ਪਾਰਖੂ ਤੇ ਇਨ੍ਹਾਂ ਦੀਆਂ ਬੀਮਾਰੀਆਂ ਤੇ ਦਵਾ ਦਾਰੂ ਦੇ ਵੀ ਚੰਗੇ ਜਾਣੂ ਸਨ। ਦੂਰ ਦੂਰ ਦੇ ਆਮ ਲੋਕੀ ਵੀ ਇਨ੍ਹਾਂ ਨੂੰ ਜਾਣਦੇ ਸਨ ਤੇ ਸਾਰੇ ਤਪੇ ਵਿਚ ਇਨ੍ਹਾਂ ਦਾ ਬੜਾ ਮਾਨ ਸਤਿਕਾਰ ਸੀ।

ਭਾਈ ਤਾਰਾ ਸਿੰਘ ਦੁਨੀਆ ਤੋਂ ਅਟੰਕ ਹੋ ਕੇ ਐਵੇਂ ਵਿਅਰਥ ਤੇ ਸਹਿਮ ਵਾਲੀ ਦਿਨ-ਕਟੀ ਨਹੀਂ ਸਨ ਕਰਦੇ, ਸਗੋਂ ਡਾਢੇ ਖਾੜਕੂ ਸਨ। ਸਿੰਘਾਂ ਉਤੇ ਅਭੀ ਨਭੀ ਵੇਲੇ ਪੂਰੀ ਸਹਾਇਤਾ ਕਰਦੇ ਸਨ। ਇਨ੍ਹਾਂ ਗੁਣਾਂ ਕਰਕੇ ਲੋਕ ਆਪ ਨੂੰ ਭਾਈ ਤਾਰਾ ਸਿੰਘ ਹਠੀਲਾ ਕਿਹਾ ਕਰਦੇ ਸਨ। ਆਪ ਦਾ ਲੰਗਰ ਅਠੇ ਪਹਿਰ ਚਾਲੂ ਰਹਿੰਦਾ ਅਤੇ ਹਰ ਇਕ ਆਉਂਦਾ ਜਾਂਦਾ ਸਿੰਘ ਇਥੋਂ ਜਲ-ਪਾਣੀ ਤੇ ਪ੍ਰਸ਼ਾਦ ਛਕਦਾ। ਇਸ ਲਈ ਆਪ ਦਾ ਵਾੜਾ ਆਏ ਗਏ ਤੇ ਖਾਸ ਕਰਕੇ ਰਾਠ ਸਿੰਘਾਂ ਲਈ ਬਹੁਤ ਵਧੀਆ ਠਾਹਰ ਸੀ।

ਇਹ ਸਿੰਘ ਹਮੇਸ਼ਾ ਆਪਣੇ ਸ਼ਿਕਾਰਾਂ ਮਗਰ ਲਗੇ ਰਹਿੰਦੇ ਸਨ। ਜਦ ਕੋਈ ਸ਼ਿਕਾਰ ਢਾਹ ਲੈਂਦੇ ਤਾਂ ਉਸ ਕਾਫਲੇ ਆਦਿ ਤੋਂ ਕੀਤੀ ਲੁਟ ਮਾਰ ਵਿਚੋਂ ਵਾਪਸ ਆਣ ਕੇ ਕੁਝ ਹਿੱਸਾ ਇਥੇ ਲੰਗਰ ਵਿਚ ਵੀ ਪਾ ਜਾਂਦੇ। ਇਸ ਤਰ੍ਹਾਂ ਸਿੰਘ ਆਪ ਹੀ ਲੰਗਰ ਚਲਾਉਂਦੇ ਤੇ ਆਪ ਹੀ ਛਕ-ਛਕਾ ਜਾਂਦੇ। ਪਰ ਇਹ ਵਾੜਾ ਤੇ ਲੰਗਰ ਦਾ ਪ੍ਰਬੰਧ ਸਿੰਘਾਂ ਲਈ ਚੰਗੀ ਠਾਹਰ ਬਣ ਗਿਆ ਸੀ, ਇਹਦੇ ਕਾਰਨ ਤਾਰਾ ਸਿੰਘ ਦਾ ਨਾਮ ਸਾਰੇ ਮਾਝੇ ਵਿਚ ਬਹੁਤ ਪ੍ਰਸਿੱਧ ਹੋ ਗਿਆ। ਸਾਰੇ ਮਾਝੇ ਦੇ ਖਾੜਕੂ ਤੇ ਸਿਰਲਥ ਸਿੰਘ, ਜੋ ਸਰਕਾਰ ਨੂੰ ਵਖਤ ਪਾਈ ਰਖਦੇ ਸਨ, ਆਪ ਦੇ ਸੱਜਣ ਮਿੱਤਰ ਬਣ ਗਏ। ਠਾਹਰਾਂ ਤਾਂ ਸਿੰਘਾਂ ਲਈ ਮਾਝੇ ਵਿਚ ਹੋਰ ਵੀ ਬਹੁਤ ਸਨ, ਪਰ ਤਾਰਾ ਸਿੰਘ ਦਾ ਵਾੜਾ ਸਭ ਤੋਂ ਵਧੀਆ ਠਾਹਰ ਮੰਨਿਆ ਜਾਂਦਾ ਸੀ। ਬੰਦਾ ਸਿੰਘ ਜਦ ਪੰਥ ਦਾ ਜਥੇਦਾਰ ਬਣ ਕੇ ਪੰਜਾਬ ਵਲ ਆਇਆ ਤਾਂ ਮਾਲਵੇ ਮਾਝੇ ਦੁਆਬੇ ਦੇ ਸਿੰਘ ਉਸ ਨਾਲ ਆਣ ਮਿਲੇ ਅਤੇ ਉਸ ਨੇ ਕਰਨਾਲ ਤੋਂ ਲੈ ਕੇ ਲਾਹੌਰ ਤਕ ਮੁਗਲ ਰਾਜ ਦੇ ਪ੍ਰਬੰਧ ਨੂੰ ਤਬਾਹ ਕਰ ਦਿਤਾ। ਪਾਤਸ਼ਾਹ ਜਦ ਦਖਣ ਵਲੋਂ ਇਸ ਉਥੱਲ ਪੁਥੱਲ ਨੂੰ ਖਤਮ ਕਰਨ ਲਈ ਆਪ ਲਸ਼ਕਰ ਦੀ ਕਮਾਨ ਸੰਭਾਲ ਕੇ ਆਇਆ ਤਾਂ ਬੰਦਾ ਸਿੰਘ ਪਾਸੋਂ ਬਹੁਤ ਸਾਰਾ ਮਾਰਿਆ ਹੋਇਆ ਇਲਾਕਾ ਵਾਪਸ ਲੈ ਲਿਆ। ਬੰਦਾ ਸਿੰਘ ਨੂੰ ਤਾਂ ਨਾ ਫੜ ਸਕਿਆ, ਪਰ ਲਾਹੌਰ ਅੱਪੜ ਕੇ ਆਪਣੀ ਨਾਕਾਮਯਾਬੀ ਤੋਂ ਚਿਪ ਕੇ ਇਕ ਸ਼ਾਹੀ ਫ਼ਰਮਾਨ ਜਾਰੀ ਕਰ ਦਿਤਾ ਕਿ ਨਾਨਕ ਪ੍ਰਸਤ, ਭਾਵ ਸਿਖ ਸਾਰੇ ਬਾਗੀ ਹਨ। ਇਨ੍ਹਾਂ ਨੂੰ ਵੇਖਦਿਆਂ ਸਾਰ ਹੀ ਮਾਰ ਦਿਤਾ ਜਾਵੇਗਾ। ਮਾਰਨ ਵਾਲੇ ਨੂੰ ਇਨਾਮ ਮਿਲੇਗਾ ਤੇ ਨਾਲ ਹੀ ਮਰਨ ਵਾਲੇ ਦਾ ਸਾਰਾ ਮਾਲ। ਬਸ ਏਨੀ ਹੀ ਢਿਲ ਸੀ, ਫਿਰ ਤਾਂ ਸਿਖਾਂ ਦੇ ਘਾਣ ਲਥ ਗਏ। ਕਿਸੇ ਦਾ ਕੋਈ ਦੋਸ਼ ਹੋਵੇ ਜਾਂ ਨਾ, ਉਹ ਸਿਖ ਤਾਂ ਹੈ ਸੀ। ਉਸ ਨੂੰ ਕਤਲ ਕਰ ਦੇਣ ਲਈ ਇਹੋ ਹੀ ਦੋਸ਼ ਕਾਫ਼ੀ ਸੀ। ਪਹਿਲਾਂ ਜ਼ਬਰਦਸਤ ਖਾਨ ਨੇ ਤੇ ਫਿਰ ਅਬਦੁਲ ਸਮੱਦ ਖਾਨ ਨੇ ਰਜ ਰਜ ਸਿੰਘਾਂ ਦੇ ਆਹੂ ਲਾਹੇ।

ਬੰਦਾ ਸਿੰਘ ਦੀ ਸ਼ਹਾਦਤ ਪਿਛੋਂ ਸਿੰਘਾਂ ਦੀ ਜਥੇਬੰਦਕ ਸ਼ਕਤੀ ਟੁਟ ਗਈ। ਅਬਦੁਲ ਸਮੱਦ ਨੇ ਕੋਈ ਕਸਰ ਨਾ ਛਡੀ। ਕੁਝ ਦੇਰ ਪਿਛੋਂ ਉਹ ਆਲਸੀ ਹੋ ਗਿਆ ਤੇ ਰਾਜ ਪ੍ਰਬੰਧ ਵਿਚ ਢਿਲ ਆ ਗਈ। ਸਿੰਘ ਫਿਰ



www.AKJ.Org

ਥਾਂ ਥਾਂ ਤੇ ਦੜਕ ਪਏ। ਮੁਲਕ ਵਿਚ ਪੂਰਾ ਰਾਮ ਰੌਲਾ ਮੱਚ ਗਿਆ। ਇਸ ਦੀ ਸੁਧਾਈ ਲਈ ਅਬਦੁਲ ਸਮੱਦ ਨੂੰ ਬਦਲ ਕੇ ਮੁਲਤਾਨ ਘਲਾ ਦਿਤਾ ਤੇ ਉਸ ਦੀ ਥਾਂ ਉਸ ਦੇ ਪੁੱਤਰ ਜ਼ਕਰੀਆ ਖਾਨ (ਖਾਨ ਬਹਾਦਰ) ਆ ਗਿਆ ਤੇ ਉਸ ਨੇ ਕਾਫ਼ੀ ਹਦ ਤਕ ਬਦ-ਅਮਨੀ ਉਤੇ ਕਾਬੂ ਪਾ ਲਿਆ। ਇਸ ਨੇ ਆਪਣੇ ਆਮਲਾਂ ਤੇ ਛੋਟੇ ਅਫਸਰਾਂ ਰਾਹੀਂ ਸਿੰਘਾਂ ਤੇ ਏਨੀ ਸਖ਼ਤੀ ਅਰੰਭੀ ਕਿ ਉਨ੍ਹਾਂ ਦਾ ਪਿੰਡਾਂ ਵਿਚ ਰਹਿ ਕੇ ਵਾਹੀ ਬੀਜੀ ਕਰਨਾ ਔਖਾ ਹੋ ਗਿਆ। ਸਰਕਾਰ ਉਨ੍ਹਾਂ ਨੂੰ ਬਾਗੀ ਗਰਦਾਨੀ ਬੈਠੀ ਸੀ, ਕੰਮ ਕੋਈ ਕਰਨ ਨਾ ਦੇਵੇ, ਪਿੰਡਾਂ ਵਿਚ ਉਹ ਰਹਿ ਨਾ ਸਕਣ, ਉਹ ਕੀ ਖਾਣ ? ਗੱਲ ਫਿਰ ਸਿੱਧੀ ਸੀ। ਸਿੰਘਾਂ ਠਾਨ ਲਈ ਕਿ ਸਰਕਾਰ ਨਾਲ ਬਾਹੀਂ ਨਿਬੜਿਆ ਜਾਵੇ। ਪਿੰਡ ਛਡ ਛਡਾ ਕੇ ਸਿੰਘ ਮਾਰਾਂ ਧਾੜਾਂ ਤੇ ਹੋ ਗਏ। ਇਹ ਸਿੰਘ ਹੁਣ ਪਿੰਡਾਂ ਵਿਚ ਵੜ ਨਹੀਂ ਸਨ ਸਕਦੇ। ਇਨ੍ਹਾਂ ਲਈ ਤਾਰਾ ਸਿੰਘ ਜੀ ਦਾ ਵਾੜਾ ਬੜਾ ਸੁਹਣਾ ਆਸਰਾ ਸੀ। ਰਾਤ ਬਰਾਤੇ ਸਿੰਘ ਇਥੇ ਆਣ ਟਿਕਦੇ। ਦਿਨ ਚੜ੍ਹਦੇ ਨਾਲ ਕਿਸੇ ਮਾਰ ਮਗਰ ਲੱਗ ਜਾਂਦੇ। ਇੰਜ ਇਹ ਥਾਂ ਸਿੰਘਾਂ ਦਾ ਬੜਾ ਅੱਡਾ ਬਣ ਗਿਆ। ਇਸ ਤਰ੍ਹਾਂ ਸਾਰੇ ਸਿਰਕੱਢ ਤੇ ਦੜਕਵੇਂ ਸਿੰਘ ਮਾਰਾਂ ਧਾੜਾਂ ਕਰ ਕ, ਜੇ ਚੱਬ ਵਿਚ ਆ ਜਾਣ ਤਾਂ ਚੌਧਰੀਆਂ, ਆਮਲਾਂ ਤੇ ਛੋਟਿਆਂ ਹਾਕਮਾਂ ਨੂੰ ਵੀ ਸੋਧਾ ਲਾ ਕੇ ਫਿਰਦੇ ਤੁਰਦੇ ਇਥੇ ਆਣ ਟਿਕਦੇ। ਖਾਨ ਬਹਾਦਰ ਦੀ ਇਹ ਨੀਤੀ ਕਿ ਸਿੰਘਾਂ ਤੇ ਏਨੀ ਤਦੀ ਦੀ ਸਖ਼ਤੀ ਕੀਤੀ ਜਾਵੇ ਕਿ ਜਾਂ ਧਰਮ ਛੱਡ ਦੇਣ ਜਾਂ ਦੇਸ਼ ਛਡ ਜਾਣ। ਸਿੰਘਾਂ ਲਈ ਕੋਈ ਵੀ ਚੀਜ਼ ਛਡਣੀ ਔਖੀ ਸੀ। ਉਹ ਪਿੰਡ ਛਡ ਕੇ ਅਟੰਕ ਹੋ ਕੇ ਸਰਕਾਰ ਨਾਲ ਲੋਹਾ ਲੈਣ ਲਈ ਜੰਗਲਾਂ ਬੇਲਿਆਂ ਵਿਚ ਹੀ ਰਹਿਣ ਲੱਗ ਪਏ ਤੇ ਆਪਣੇ ਵਸੇਬੇ ਲਈ ਖਰਚੇ ਤੇਗਾਂ ਰਾਹੀਂ ਸਰਕਾਰ ਤੋਂ ਵਸੂਲਣ ਲਗ ਪਏ। ਤੇ ਇਹ ਖੇਡ ਬੜੀ ਦੇਰ ਤਕ ਜਾਰੀ ਰਹੀ ਅਤੇ ਅੰਤ ਵਿਚ ਸਿੰਘ ਬਾਜ਼ੀ ਲੈ ਗਏ ਤੇ ਸਰਕਾਰ ਹਾਰ ਗਈ।

### "ਵਾਂ" ਪਿੰਡ ਵਿਚ ਤਾਰਾ ਸਿੰਘ ਜੀ ਦੇ ਹੋਰ ਸੱਜਣ ਮਿੱਤਰ—

"ਵਾਂ" ਪਿੰਡ ਵਿਚ ਤਾਰਾ ਸਿੰਘ ਜੀ ਦੇ ਦੋ ਹੋਰ ਗੂੜ੍ਹੇ ਮਿੱਤਰ ਹੋਏ ਹਨ। ਇਸ ਪਿੰਡ ਦੀ ਰੂਪੋ ਦੀ ਪੱਤੀ ਵਿਚ ਇਕ ਜੋਧਾ ਨਾਮੇ ਜੱਟ ਹੋਇਆ ਹੈ। ਇਸ ਨੇ ਸਾਰੀ ਉਮਰ ਆਪ ਤਾਂ ਭਾਵੇਂ ਅੰਮ੍ਰਿਤ ਨਹੀਂ ਸੀ ਛਕਿਆ, ਪਰ ਇਸ ਦੇ ਤਿੰਨ ਪੁਤਰ ਅਮਰ ਸਿੰਘ, ਅਮੀ ਸਿੰਘ ਤੇ ਕੌਇਰ ਸਿੰਘ ਅੰਮ੍ਰਿਤ ਛਕ ਕੇ ਸਿੰਘ ਸੱਜ ਗਏ ਸਨ। ਸਭ ਤੋਂ ਛੋਟਾ ਪੁਤਰ ਜੋ ਤਾਰਾ ਸਿੰਘ ਹੁਰਾਂ ਦਾ ਹਾਣੀ ਪ੍ਰਾਣੀ ਤੇ ਗੂੜ੍ਹਾ ਮਿੱਤਰ ਸੀ, ਘਰ ਦੇ ਕਾਰ ਵਿਹਾਰ ਤੋਂ ਅਟੰਕ ਹੋ ਕੇ ਸਦਾ ਇਨ੍ਹਾਂ ਦੇ ਸੰਗ ਹੀ ਰਹਿੰਦਾ। ਇਸੇ ਪੱਤੀ ਦਾ ਇਕ ਹੋਰ ਜ਼ਿਮੀਦਾਰ ਬਿਹਾਰੀ ਨਾਮ ਦਾ ਸੀ। ਇਸ ਦੇ ਵੀ ਤਿੰਨ ਪੁੱਤਰ ਸਨ : ਦੇਸੂ ਸਿੰਘ, ਉਤਮ ਸਿੰਘ ਤੇ ਬਖਤੂ। ਵੱਡੇ ਦੋਵੇਂ ਅੰਮ੍ਰਿਤ ਛਕ ਚੁਕੇ ਸਨ ਤੇ ਛੁਟੇਰੀ ਉਮਰ ਵਾਲੇ ਬਖਤੂ ਨੇ ਅਜੇ ਅੰਮ੍ਰਿਤ ਨਹੀਂ ਸੀ ਛਕਿਆ। ਉਤਮ ਸਿੰਘ ਤੇ ਬਖਤੂ ਛੇਤੀ ਹੀ ਚਲਾਣਾ ਕਰ ਗਏ ਸਨ। ਇਨ੍ਹਾਂ ਦੀ ਅਗੇ ਔਲਾਦ ਨਹੀਂ ਚਲੀ। ਦੇਸੂ ਸਿੰਘ, ਜਿਸ ਨੇ ਤਾਰਾ ਸਿੰਘ ਦੇ ਪਿਤਾ ਗੁਰਦਾਸ ਸਿੰਘ ਨਾਲ ਅੰਮ੍ਰਿਤ ਛਕਿਆ ਸੀ, ਤੇ ਉਨ੍ਹਾਂ ਦੇ ਬੜੇ ਮਿਲਤੀ ਸਨ, ਦੇ ਘਰ ਸਿਰਫ਼ ਇਕ ਹੀ ਪੁਤਰ ਹੋਇਆ, ਜਿਸ ਦਾ ਨਾਮ ਵਸਾਵਾ ਸਿੰਘ ਸੀ ਤੇ ਇਹ ਵੀ ਅੰਮ੍ਰਿਤ ਛਕ ਕੇ ਤਾਰਾ ਸਿੰਘ ਹੁਰਾਂ ਦੇ ਨਾਲ ਹੀ ਰਲ ਗਿਆ। ਕੌਇਰ ਸਿੰਘ ਜੀ ਨੇ ਵੀ ਘਰ ਦਾ ਲਟਾਕਾ ਛਡ ਦਿਤਾ ਤੇ ਇਹ ਵੀ ਵਾੜੇ ਵਿਚ ਹੀ ਰਿਹਾ ਕਰਦਾ ਸੀ। ਇਨ੍ਹਾਂ ਤਿੰਨਾਂ ਸਿੰਘਾਂ ਤਾਰਾ ਸਿੰਘ, ਕੌਇਰ ਸਿੰਘ, ਵਸਾਵਾ ਸਿੰਘ—ਨੇ ਵਿਆਹ ਨਹੀਂ ਸਨ ਕਰਵਾਏ ਤੇ ਦੁਨੀਆਦਾਰੀ ਨਾਲ ਕੋਈ ਸੰਬੰਧ ਨਹੀਂ ਸੀ ਰਖਿਆ, ਇਸ ਲਈ ਇਨ੍ਹਾਂ ਦੀ ਅੰਸ ਅਗੇ ਨਹੀਂ ਤੁਰੀ।

### ਨੁਸ਼ਹਿਰਾ ਢਾਲਾ ਦੇ ਚੌਧਰੀ ਸਾਹਿਬ ਰਾਏ—

ਲਾਹੌਰ ਤੋਂ ੩੮ ਕਿਲੋ ਮੀਟਰ ਚੜ੍ਹਦੇ ਦਖਣ ਵਿਚ ਇਕ ਤਕੜਾ ਪਿੰਡ [1]ਪਢਾਣਾ ਹੈ। ਇਸ ਦੀ ਹੱਦ

(੧) ਪਢਾਣਾ ਜਾਂ ਭੜਾਣਾ—ਪਾਕਿਸਤਾਨ ਬਣਨ ਤੋਂ ਪਹਿਲਾਂ ਇਹ ਸੰਧੂ ਗੋਤਰ ਦਿਆਂ ਜੱਟਾਂ ਦਾ ਬੜਾ ਤਕੜਾ ਪਿੰਡ ਸੀ। ਇਥੇ ਛੇਵੀਂ ਪਾਤਸ਼ਾਹੀ ਦਾ ਬਹੁਤ ਸੋਹਣਾ ਗੁਰਦਵਾਰਾ ਬਣਿਆ ਹੋਇਆ ਸੀ, ਜੋ ਅੱਜ ਤਕ ਕਾਇਮ ਹੈ। ਇਹ ਪਿੰਡ ਪਛਮੀ ਸੀਮਾ ਦੇ ਬਿਲਕੁਲ ਲਾਗੇ ਹੀ ਹੈ ਤੇ ਪਾਕਿਸਤਾਨ ਵਿਚ ਹੈ। ਪਹਿਲਾਂ ਵੀ ਇਹ ਜ਼ਿਲਾ ਲਾਹੌਰ ਵਿਚ ਹੀ ਸੀ। ਇਥੋਂ ਦੇ ਬੜੇ ਤਕੜੇ ਧਨਾਢ ਸਰਦਾਰ ਮੇਵਾ ਸਿੰਘ ਹੋਏ ਹਨ। ਇਨ੍ਹਾਂ ਨੂੰ ਮੁਲਕ ਦੀ ਵੰਡ ਵੇਲੇ ਜਨੂੰਨੀ ਲੀਗੀਆਂ ਨੇ ਧੋਖੇ ਨਾਲ ਫੜ ਲਿਆ ਤੇ ਬੜੀ ਬੇਰਹਿਮੀ ਨਾਲ ਕਤਲ ਕਰ ਦਿਤਾ ਸੀ।



www.AKJ.Org

ਦੇ ਨਾਲ ਹੀ ਉੱਤਰ ਵਿਚ ਡੇਢ ਦੋ ਕਿਲੋ ਮੀਟਰ ਦੀ ਵਿਥ ਤੇ ਪਿੰਡ [2]ਨੁਸ਼ਹਿਰਾ ਢਾਲਾ ਹੈ। ਸਾਹਿਬ ਰਾਏ ਨੁਸ਼ਹਿਰੋਂ ਦਾ ਚੌਧਰੀ ਸੀ ਤੇ ਪਢਾਣਾ ਪਿੰਡ ਇਸ ਦੇ ਤਪੇ ਵਿਚ ਸੀ। ਇਹ ਚੌਧਰੀ ਬੜਾ ਹੈਂਕੜਬਾਜ਼ ਤੇ ਸੀਨਾ-ਜ਼ੋਰ ਕਿਸਮ ਦਾ ਆਦਮੀ ਸੀ। ਸਾਹਿਬ ਰਾਏ ਜ਼ਕਰੀਆ ਖਾਨ ਦੀ ਸਰਕਾਰ ਦਾ ਕੁਝ ਵਧੇਰੇ ਹੀ ਹਿਤੈਸ਼ੀ ਤੇ ਸਿੰਘਾਂ ਦਾ ਰੱਜ ਕੇ ਵਿਰੋਧੀ ਸੀ। ਰਾਠ ਸਿੰਘਾਂ ਨਾਲ ਤਾਂ ਸਿਧਾ ਹੋ ਕੇ ਦਸਤ ਪੰਜਾ ਨਾ ਪਾਉਂਦਾ, ਪਰ ਅਮਨ ਚੈਨ ਨਾਲ ਵਸਦੇ ਤੇ ਵਾਹੀ ਬੀਜੀ ਕਰਨ ਵਾਲੇ ਗੁਰਮੁਖ ਸਿੰਘਾਂ ਨੂੰ ਸਤਾਉਣੋਂ ਧਮਕਾਉਣੋਂ ਨਾ ਹਟਦਾ। ਉਨ੍ਹਾਂ ਨੂੰ ਅਜਾਈਂ ਹਰ ਤਰ੍ਹਾਂ ਨਾਲ ਦਬਾਉਂਦਾ ਤੇ ਉਨ੍ਹਾਂ ਦੀਆਂ ਖੇਤੀਆਂ ਦਾ ਨੁਕਸਾਨ ਕਰਦਾ ਰਹਿੰਦਾ। ਸਿੰਘ ਵੀ ਜਾਣਦੇ ਸਨ ਕਿ ਦਾਦ ਫ਼ਰਿਆਦ ਇਸ ਦੇ ਵਿਰੁਧ ਕਿਸੇ ਸੁਣਨੀ ਨਹੀਂ, ਦਿਨ ਕਟੀ ਕਰੋ, ਇਸ ਨਾਲ ਝੇੜਾ ਮੂਲ ਨਾ ਹੀ ਲਿਆ ਜਾਵੇ। ਚੌਧਰੀ ਹੋਰ ਸ਼ੇਰ ਹੋਈ ਗਿਆ।

੧੭੮੯ ਬਿਕਰਮੀ ਦੀ ਗੱਲ ਹੈ ਕਿ ਪਢਾਣੇ ਦੇ ਵਸਨੀਕ ਮਾਲੀ ਸਿੰਘ ਅਤੇ ਗੁਰਬਖਸ਼ ਸਿੰਘ ਨਾਲ ਸਾਹਿਬ ਰਾਏ ਦਾ ਫਸਾਦ ਹੋ ਗਿਆ। ਵੇਲੇ ਦੀ ਸਰਕਾਰ ਚੌਧਰੀਆਂ ਦੀ ਖ਼ੂਬ ਮੰਨਦੀ ਸੀ ਤੇ ਇਨ੍ਹਾਂ ਨੂੰ ਇਸ ਦਾ ਬੜਾ ਮਾਣ ਤੇ ਹੰਕਾਰ ਹੁੰਦਾ ਸੀ। ਇਹ ਸਾਹਿਬ ਰਾਏ ਜਾਣ ਬੁਝ ਕੇ ਮਾਲੀ ਸਿੰਘ ਤੇ ਗੁਰਬਖਸ਼ ਸਿੰਘ ਨਾਲ ਖਹਿਬਾਜ਼ੀ ਰਖਦਾ ਤੇ ਇਨ੍ਹਾਂ ਦੀਆਂ ਲਵੀਆਂ ਕਣਕਾਂ ਵਿਚ ਆਪਣੀਆਂ ਘੋੜੀਆਂ ਖੁਲ੍ਹੀਆਂ ਹੀ ਚਰਨੀਆਂ ਛਡ ਛਡਦਾ। ਖੁਲ੍ਹਾ ਪਸ਼ੂ ਤਾਂ ਫਸਲ ਦਾ ਵੈਰੀ ਹੁੰਦਾ ਹੈ। ਖਾਣ ਨਾਲੋਂ ਮਿਧ ਕੇ ਫਸਲ ਦਾ ਨੁਕਸਾਨ ਜ਼ਿਆਦਾ ਕਰ ਦੇਂਦਾ ਹੈ। ਘੋੜੀਆਂ ਕੁਝ ਤਾਂ ਚਰਦੀਆਂ ਤੇ ਕੁਝ ਮਿਧ ਸੁਟਦੀਆਂ। ਪੈਲੀ ਕੋਰ ਹੋਵੇ ਜਾਂ ਸਿੰਜੀ ਹੋਈ, ਪਸ਼ੂ ਨੂੰ ਕੀ ਲਗੇ, ਉਹ ਤਾਂ ਲਤਾੜ ਲਤਾੜ ਕੇ ਹੀ ਫਸਲ ਨੂੰ ਨਸ਼ਟ ਕਰ ਦੇਂਦੀਆਂ। ਮਾਲਕ ਤਾਂ ਕੀ, ਵੇਖਣ ਵਾਲੇ ਦਾ ਵੀ ਦਿਲ ਦੁਖੀ ਹੋ ਉਠਦਾ।

ਜ਼ਿਮੀਦਾਰ ਨੂੰ ਆਪਣੀ ਫਸਲ ਬੜੀ ਪਿਆਰੀ ਹੁੰਦੀ ਹੈ। ਇਹ ਹੋਰ ਤਾਂ ਨੁਕਸਾਨ ਜਰ ਲੈਂਦਾ ਹੈ, ਪਰ ਖੇਤੀ ਉਜੜਦੀ ਵੇਖ ਕੇ ਇਹ ਰਹਿ ਨਹੀਂ ਸਕਦਾ। ਸਿੰਘ ਪਾਹਲਾਂ ਤਾਂ ਆਪ ਹੀ ਘੋੜੀਆਂ ਮੋੜਦੇ ਹੁਟਕਦੇ ਰਹੇ ਕਿ ਗੱਲ ਟਲ ਜਾਵੇ। ਪਰ ਚੌਧਰੀ ਤਾਂ ਜਾਣ ਕੇ ਹੀ ਅੱਕਰ ਨਾਲ ਘੋੜੀਆਂ ਛਡਦਾ ਸੀ, ਇਹ ਟਾਲਾ ਕਿਵੇਂ ਹੁੰਦਾ। ਅੰਤ ਨੂੰ ਲਾਚਾਰ ਹੋ ਕੇ ਸਿੰਘਾਂ ਚੌਧਰੀ ਕੋਲ ਆ ਕੇ ਬੜੀ ਧੀਰਜ ਨਾਲ ਉਸ ਨੂੰ ਆਖਿਆ ਕਿ ਲਈਆਂ ਕਣਕਾਂ ਦਾ ਨੁਕਸਾਨ ਤਾਂ ਪਹਿਲਾਂ ਹੀ ਬਹੁਤ ਹੋ ਚੁਕਿਆ ਹੈ। ਹੁਣ ਅਗੇ ਤੋਂ ਇਨ੍ਹਾਂ ਨੂੰ ਸਾਂਭ ਕੇ ਰਖਿਆ ਜਾਵੇ। ਚੰਗੀ ਗੱਲ ਤਾਂ ਇਨ੍ਹਾਂ ਨੂੰ ਬੰਨ੍ਹ ਲੈਣ ਵਿਚ ਹੀ ਹੈ। ਨਰਮਾਈ ਨਾਲ ਕੀਤੀ ਇਸ ਮਿੰਨਤ ਦਾ ਸਾਊਆਂ ਵਾਲਾ ਉੱਤਰ ਦੇਣ ਦੀ ਥਾਂ ਚੌਧਰੀ ਅੱਗੋਂ ਲੋਹਾ ਲਾਖਾ ਹੋ ਕੇ ਕਹਿਣ ਲਗਾ ਕਿ "ਤੁਸੀਂ ਕੌਣ ਹੋ ਮੈਨੂੰ ਇਹ ਹਦਾਇਤ ਕਰਨ ਵਾਲੇ ਕਿ ਮੈਂ ਘੜੀਆਂ ਬੰਨ੍ਹ ਕੇ ਰਖਾਂ। ਤੁਹਾਨੂੰ ਇਥੇ ਮੇਰੇ ਕੋਲ ਆ ਕੇ ਮੈਨੂੰ ਇਹ ਗੱਲ ਆਖਣ ਦਾ ਹੌਸਲਾ ਹੀ ਕਿਵੇਂ ਪਿਆ ? ਤੁਹਾਨੂੰ ਪਤਾ ਹੈ ਨਾ, ਮੈਂ ਹਾਂ ਕੌਣ ? ਤੁਸੀਂ ਫਸਲ ਨੂੰ ਰੋਂਦੇ ਹੋ, ਆਪਣੀ ਜਾਨ ਦੀ ਸੁਖ ਭਾਲੋ, ਜੋ ਮੇਰੀ ਮੁਠ ਵਿਚ ਹੈ, ਜਦ ਚਾਹਾਂ ਤੁਹਾਨੂੰ ਮਰੋੜ ਕੇ ਰਖ ਦਿਆਂ। ਤੁਸੀਂ ਬਣੇ ਕੀ ਫਿਰਦੇ ਹੋ ਆਪਣੇ ਆਪ ਵਿਚ ? ਮੈਂ ਤਾਂ ਐਵੇਂ ਹੀ ਲਿਹਾਜ਼ ਕਰ ਕੇ ਤੁਹਾਨੂੰ ਜੀਊਂਦਾ ਰਹਿਣ ਦਿਤਾ ਤੇ ਹੁਣ ਤਾਈਂ ਕਤਲ ਨਹੀਂ ਕਰਵਾ ਦਿਤਾ। ਭਲਾ ਹੁਣ ਹੀ ਸਹੀ। ਘੋੜੀਆਂ ਬੰਨ੍ਹਾਉਣ ਆਏ ਹੋ ਨਾ ? ਇਹ ਤਾਂ ਤੁਹਾਡੀਆਂ ਦਾਹੜੀਆਂ ਤੇ ਕੇਸਾਂ ਦੇ ਰੱਸਿਆਂ ਨਾਲ ਹੀ ਬਝ ਸਕਦੀਆਂ ਹਨ। ਲਿਆਉ ਵੱਟ ਕੇ ਦੇ ਜਾਵੋ, ਮੈਂ ਬੰਨ੍ਹ ਦਿਆਂਗਾ। ਹੋਰ ਕੋਈ ਰੱਸੇ ਮੇਰੇ ਪਾਸ ਨਹੀਂ ਹਨ।"

ਇਹ ਕੁਬੋਲ ਸੁਣ ਕੇ ਸਿੰਘਾਂ ਤੋਂ ਹੋਰ ਰੁਕਣਾ ਔਖਾ ਹੋ ਗਿਆ। ਆਏ ਸਨ ਚੌਧਰੀ ਪਾਸ ਜ਼ਖਮਾਂ ਦੀ ਮਰਹਮ ਲਈ, ਅਗੋਂ ਉਸ ਨੇ ਜ਼ਖ਼ਮਾਂ ਵਿਚ ਲੂਣ ਭਰ ਦਿਤਾ। ਸਿੰਘ ਗੁਸੇ ਨੂੰ ਪੀ ਕੇ ਉਠ ਤੁਰੇ। ਫਰਿਆਦ

---

(੨) ਨੁਸ਼ਹਿਰਾ ਢਾਲਾ, ਪਛਮੀ ਸੀਮਾ ਤੋਂ ਸਿਰਫ਼ ੨੦੦ ਮੀਟਰ ਦੂਰ, ਉਸਦੇ ਚੜ੍ਹਦੇ ਪਾਸੇ ਹਿੰਦੁਸਤਾਨ ਵਿਚ ਸਥਿਤ ਹੈ। ਇਹ ਸੂਫੀ ਸੰਤ ਜਲ੍ਹਣ ਜੱਟ ਦਾ ਵੀ ਪਿੰਡ ਹੈ ਤੇ ਪਹਿਲੀ ਵੈਸਾਖ ਨੂੰ, ਭਾਵ ਵੈਸਾਖੀ ਵਾਲੇ ਦਿਨ ਬੜਾ ਭਾਰੀ ਮੇਲਾ ਲਗਦਾ ਹੈ।



www.AKJ.Org

ਲੈ ਕੇ ਨਿਆਂ ਮੰਗਣ ਗਏ ਨੂੰ ਜੇ ਅਗੋਂ ਬੇਪਤੀ ਤੇ ਮੌਤ ਦੀ ਧਮਕੀ ਪੱਲੇ ਪਵੇ ਤਾਂ ਇਸ ਮਾਨਸਿਕ ਦੁਖ ਨੂੰ ਉਹੋ ਹੀ ਜਾਣਦੈ ਜਿਸ ਨਾਲ ਇਹ ਹੋ ਵਾਪਰੇ।

ਹੁਣ ਚੌਧਰੀ ਦੀ ਛੇੜਖ਼ਾਨੀ ਅੱਗੇ ਨਾਲੋਂ ਵੀ ਵਧ ਗਈ। ਮਾਲੀ ਸਿੰਘ ਤੇ ਗੁਰਬਖਸ਼ ਸਿੰਘ ਨੇ ਸਤ ਕੋ ਪਿੰਡ "ਭੁਸੇ", ਜੋ ਨੁਸ਼ਹਿਰਓਂ ਸਤ ਕੁ ਕਿਲੋ ਮੀਟਰ ਪਹਾੜ ਚੜ੍ਹਦੇ ਵਿਚ ਹੈ ਤੇ ਜਿਥੇ ਢਿਲੋਂ ਗੋਤ ਦੇ ਦੋ ਰਾਠ ਜੱਟ ਅਮਰ ਸਿੰਘ ਤੇ ਬਘੇਲ ਸਿੰਘ ਸਕੇ ਭਰਾ ਰਹਿੰਦੇ ਸਨ, ਪਾਸ ਆ ਕੇ ਹੋਣੀ ਵਾਪਰੀ ਕਹਿ ਸੁਣਾਈ। ਚੌਧਰੀ ਸਾਹਿਬ ਰਾਏ ਆਪਣੇ ਤਪੇ ਵਿਚ ਫੂੰ-ਫੜੱਕਾ ਤਾਂ ਖ਼ੂਬ ਰਖਦਾ ਸ਼ੀ, ਪਰ ਇਨ੍ਹਾਂ ਦੇ ਸਿਰ ਆਉਣੋਂ ਕਤਰਾਉਂਦਾ ਸੀ। ਇਨ੍ਹਾਂ ਪਢਾਣੀਆਂ ਸਿੰਘਾਂ ਦੀ ਵਿਥਿਆ ਸੁਣ ਕੇ ਅਮਰ ਸਿੰਘ ਤੇ ਬਘੇਲ ਸਿੰਘ ਨੇ ਕਿਹਾ ਕਿ ਘੋੜੀਆਂ ਤਾਂ ਅਸੀਂ ਲੈ ਜਾਂਦੇ ਹਾਂ, ਪਰ ਚੌਧਰੀ ਨੇ ਪਿਛੋਂ ਪੁਜ ਕੇ ਤੰਗ ਕਰਨਾ ਹੈ। ਉਸ ਦਾ ਵੀ ਸਰਕਾਰੇ ਰਸੂਖ਼ ਹੈ, ਉਸ ਨੇ ਘਟ ਨਹੀਂ ਕਰਨੀ। ਕਾਫ਼ੀ ਸੋਚ ਵਿਚਾਰ ਤੋਂ ਬਾਅਦ ਇਸ ਸਿਟੇ ਤੇ ਪੁਜੇ ਕਿ ਅੱਗੇ ਸਿਰ ਸੁਟ ਕੇ ਲੰਮੇ ਪਿਆਂ ਤਾਂ ਚੌਧਰੀ ਨੇ ਛਡਣਾ ਨਹੀਂ, ਕਿੰਨਾ ਕੁ ਚਿਰ ਇਹ ਜ਼ੁਲਮੀ ਕਾਰ ਝਲੀ ਜਾਵਾਂਗੇ। ਅੰਤ ਨੂੰ ਇਕ ਦਿਨ ਤਾਂ ਸਿਧਿਆਂ ਹੋਣਾ ਈ ਪੈਣਾ ਹੈ। ਫਿਰ ਦੇਰ ਕਾਹਦੇ ਲਈ ਕੀਤੀ ਜਾਵੇ। ਸੋ ਇਹ ਵਿਚਾਰ ਕੇ ਇਨ੍ਹਾਂ ਦੋਹਾਂ ਨੇ ਆਪਣੇ ਬਾਲ ਬਚੇ ਨੂੰ ਪੇਕੀਂ ਘਲਾ ਦਿਤਾ ਕਿ ਪਿਛੋਂ ਚੌਧਰੀ ਦੁਖੀ ਨਾ ਕਰੇ। ਇਸ ਤੋਂ ਅਗਲੇ ਦਿਨ ਚੌਧਰੀ ਦੀਆਂ ਘੋੜੀਆਂ ਪਢਾਣੇ ਦੀ ਜੂਹ ਵਿਚੋਂ ਘੇਰ ਕੇ ਤੇ ਫੜ ਕੇ ਇਹ ਭੁਸੇ ਪਿੰਡ ਦੇ ਦੋਵੇਂ ਭਰਾ ਲਖਮੀਰ ਸਿੰਘ ਸੰਧੂ ਘਰਿਆਲੇ ਵਾਲੇ ਪਾਸ ਛਡ ਆਏ, ਤਾਕਿ ਉਹ ਇਨ੍ਹਾਂ ਨੂੰ ਅੱਗੇ ਬਿਲੇ ਲਾ ਦੇਵੇ।

ਵਲਟੋਹੇ ਠਾਣੇ ਵਿਚ [3]ਵਲਟੋਹੇ ਤੋਂ ੬-੭ ਕਿਲੋ ਮੀਟਰ ਐਨ ਚੜ੍ਹਦੇ ਵਿਚ ਪਿੰਡ [4]ਘਰਿਆਲਾ ਹੈ। ਇਥੋਂ ਦਾ ਜੱਟ ਲਖਮੀਰ ਸਿੰਘ ਸੰਧੂ ਆਪਣੇ ਸਮੇਂ ਦਾ ਮਾਝੇ ਵਿਚ ਮਸ਼ਹੂਰ ਰੱਸੇ-ਫੜ ਸੀ। ਮਾਝਾ ਪਸ਼ੂਆਂ ਡੰਗਰਾਂ ਦੀ ਚੋਰੀ ਵਿਚ ਮੁਢ ਤੋਂ ਹੀ ਪ੍ਰਸਿਧ ਰਿਹਾ ਹੈ। ਚੋਰੀ ਨਾਲੋਂ ਰੱਸਾ-ਗੀਰੀ ਏਨਾ ਸਖ਼ਤ ਕੰਮ ਹੈ ਕਿ ਇਸ ਲਈ ਕੋਈ ਲੋਹੇ ਦੀ ਲੱਠ ਵਰਗਾ ਸੂਰਮਾ ਹੀ ਨਿਤਰਦਾ ਹੈ। ਲਖਮੀਰ ਸਿੰਘ ਦੀ ਦੂਰ ਦੂਰ ਤਕ ਧੁਮ ਪਈ ਹੋਈ ਸੀ। ਇਸ ਦੇ ਯਾਰ ਬੇਲੀ ਮਾਝੇ ਵਿਚੋਂ ਦੂਰੋਂ ਨੇੜਿਓਂ ਚੋਰੀ ਕੀਤੇ ਪਸ਼ੂਆਂ ਦੇ ਵੱਗਾਂ ਦੇ ਵੱਗ ਰਾਤ ਬਰਾਤੇ ਇਸ ਪਾਸ ਛੱਡ ਜਾਂਦੇ ਤੇ ਇਹ ਨੈਂ (ਸਤਲੁਜ) ਟਪਾ ਕੇ ਮਾਲਵੇ ਵਿਚ ਵੇਚ ਵਟ ਆਉਂਦਾ। ਜਦ ਸਾਹਿਬ ਰਾਏ ਦੀਆਂ ਦੋਵੇਂ ਘੋੜੀਆਂ (ਇਕ ਬੜੀ ਆਲ੍ਹਾ ਨਸਲ ਦੀ ਘੋੜੀ ਤੇ ਇਕ ਉਸ ਦੀ ਚੜ੍ਹਨ ਵੱਤ ਹੋ ਚੁਕੀ ਵਛੇਰੀ, ਜੋ ਘੋੜੀ ਜਿਡੀ ਹੀ ਹੋ ਗਈ ਹੋਈ ਸੀ) ਬਘੇਲ ਸਿੰਘ ਹੁਰੀ ਇਸ ਪਾਸ ਛਡ ਗਏ ਤਾਂ ਇਹ [5]ਬਹਾਦਰ ਨਗਰ ਵਾਲੇ ਪਤਣੋਂ ਦਰਿਆ ਟਪਾ ਕੇ ਇਨ੍ਹਾਂ ਨੂੰ ਸ: ਆਲਾ ਸਿੰਘ ਪਟਿਆਲੇ ਵਾਲੇ ਪਾਸ, ਜੋ ਉਸ ਸਮੇਂ ਬਰਨਾਲੇ ਆਇਆ ਹੋਇਆ ਸੀ, ਵੇਚ ਆਇਆ ਤੇ ਵਟਕ ਦੀ ਸਾਰੀ ਰਕਮ ਤਾਰਾ ਸਿੰਘ ਜੀ ਦੇ ਲੰਗਰ ਵਿਚ ਪਾ ਦਿਤੀ।

---

(੩) ਵਲਟੋਹਾ : ਸ੍ਰੀ ਅੰਮ੍ਰਿਤਸਰ ਤੋਂ ਤਰਨ ਤਾਰਨ, ਪੱਟੀ ਰਾਹੀਂ ਹੋ ਕੇ ਖੇਮਕਰਨ ਜਾਣ ਵਾਲੀ ਸੜਕ ਉਤੇ ੬੫ ਕਿ: ਮੀ: ਦੇ ਫ਼ਾਸਲੇ ਤੇ ਸਥਿਤ ਹੈ। ਜੋ ਰੇਲ ਸ੍ਰੀ ਅੰਮ੍ਰਿਤਸਰ ਤੋਂ ਖੇਮਕਰਨ ਨੂੰ ਜਾਂਦੀ ਹੈ ਉਸ ਉਤੇ ਵਲਟੋਹੇ ਨਾਮ ਦਾ ਰੇਲਵੇ ਸਟੇਸ਼ਨ ਭੀ ਹੈ। ਇਹ ਪਿੰਡ ਦੀ ਹਦ ਵਿਚ ਤਿੰਨ ਕਿ: ਮੀ: ਦਖਣ ਦੀ ਬਾਹੀ ਹੈ।

(੪) ਘਰਿਆਲਾ : ਉਪ੍ਰੋਕਤ ਰੇਲਵੇ ਲਾਈਨ ਉਤੇ ੫੮ ਕਿਲੋ ਮੀਟਰ ਉਤੇ ਸਟੇਸ਼ਨ ਹੈ। ਤੇ ਰੇਲ ਐਨ ਦੱਖਣ ਵਾਲੇ ਪਾਸਿਓਂ ਤੇ ਸੜਕ ਪਹਾੜ ਵਾਲੇ ਪਾਸੇ ਦੀ ਬਿਲਕੁਲ ਪਿੰਡ ਦੇ ਨਾਲ ਦੀ ਲੰਘਦੀਆਂ ਹਨ। ਇਥੇ ਇਕ ਸੂਫੀ ਫਕੀਰ ਬਾਬਾ ਸ਼ੇਰਸ਼ਾਹ ਵਲੀ ਦੀ ਯਾਦ ਵਿਚ ਚੇਤ ਦੀ ੧੧ ਤੋਂ ੧੪ ਤਕ ਮੇਲਾ ਲਗਦਾ ਹੈ।

(੫) ਬਹਾਦਰ ਨਗਰ : ਵਲਟੋਹੇ ਸਟੇਸ਼ਨ ਤੋਂ ਪੌਣੇ ਕੁ ਕਿਲੋਮੀਟਰ ਦੀ ਵਿਥ ਤੇ ਦਖਣ ਲਹਿੰਦੇ ਵਿਚ ਬਿਲਕੁਲ ਢਾਹੇ ਉਤੇ ਸਥਿਤ ਹੈ। ਅੱਜ ਤੋਂ ਢਾਈ ਸੌ ਸਾਲ ਪਹਿਲਾਂ ਸਤਲੁਜ ਇਸ ਦੇ ਅਸਲੋਂ ਨਾਲ ਦੀ ਵਗਦਾ ਸੀ ਤੇ ਇਹ ਮਾਲਵੇ ਮਾਝੇ ਨੂੰ ਮਿਲਾਉਣ ਵਾਲੇ ਪਤਣਾਂ ਚੋਂ ਇਕ ਸੀ।



www.AKJ.Org

ਪਠਾਣੀਆਂ ਤੇ ਭੁਸਿਆਂ ਵਾਲਿਆਂ ਸਿੰਘਾਂ ਨੂੰ ਪਤਾ ਸੀ ਕਿ ਚੌਧਰੀ ਸੱਟ ਖਾਧੇ ਸੱਪ ਵਾਂਗ ਪਵੇਗਾ। ਉਸ ਨੇ ਪਿੰਡ ਵਿਚ ਤੰਗ ਕਰਨੋਂ ਬਾਜ਼ ਨਹੀਂ ਆਉਣਾ ਤੇ ਨਾ ਪਿੰਡ ਵਿਚ ਰਿਹਾ ਹੀ ਜਾਣਾ ਹੈ। ਉਨ੍ਹਾਂ ਵਾਸਤੇ ਇਕ ਹੀ ਥਾਂ ਸੁਰੱਖਿਅਤ ਸੀ ਤੇ ਉਹ ਸੀ ਤਾਰਾ ਸਿੰਘ ਦਾ ਵਾੜਾ। ਸੋ ਘੋੜੀਆਂ ਕਢਦੇ ਸਾਰ ਹੀ ਉਹ ਸਿਧੇ "ਵਾਂ" ਵਿਖੇ ਇਸ ਵਾੜੇ ਵਿਚ ਆ ਗਏ।

ਉਧਰ ਚੌਧਰੀ ਵੀ ਕਿਹੜੀਆਂ ਕਚੀਆਂ ਗੋਲੀਆਂ ਖੇਡਿਆ ਹੋਇਆ ਸੀ। ਉਸ ਨੂੰ ਵੀ ਪਤਾ ਸੀ ਕਿ ਘੋੜੀਆਂ ਕਿਸ ਨੇ ਕਢੀਆਂ ਹਨ ਤੇ ਕਿਧਰ ਗਈਆਂ ਹਨ। ਆਪਣੇ ਨਾਲ ਡਾਂਗ ਬਹਾਦਰਾਂ ਦੀ ਤਕੜੀ ਵਾਹਰ ਲੈ ਕੇ ਪੈੜ ਨਪਦਾ ਨਪਦਾ ਤਾਰਾ ਸਿੰਘ ਦੇ ਵਾੜੇ ਪਾਸ ਆਣ ਲਥਾ ਤੇ ਆਉਂਦਿਆਂ ਹੀ ਬੜੇ ਰੋਹ ਵਿਚ ਤਾਰਾ ਸਿੰਘ ਨੂੰ ਆਖਿਆ, "ਮੇਰੇ ਚੋਰ ਤੇਰੇ ਡੇਰੇ ਵਿਚ ਹਨ। ਤੇਰਾ ਭਲਾ ਇਸੇ ਵਿਚ ਹੈ ਕਿ ਇਨ੍ਹਾਂ ਚੋਰਾਂ ਦੀਆਂ ਬਾਹਵਾਂ ਮੈਨੂੰ ਫੜਾ ਦੇਹ।" ਤਾਰਾ ਸਿੰਘ ਜੀ ਨੇ ਅਗੋਂ ਉੱਤਰ ਦਿਤਾ, "ਸਾਡੇ ਪਾਸ ਤੇਰੇ ਕੋਈ ਚੋਰ ਨਹੀਂ। ਚੋਰ ਤੂੰ ਹੈਂ, ਜੋ ਸੀਨਾ-ਜ਼ੋਰ ਹੈਂ।"

ਚੌਧਰੀ ਨੂੰ ਆਸ ਨਹੀਂ ਸੀ ਕਿ ਉਸ ਨੂੰ ਅਗੋਂ ਐਸਾ ਮੂੰਹ-ਭੰਨਵਾਂ ਫਿਟਕਾਰ ਭਰਿਆ ਉੱਤਰ ਮਿਲੇਗਾ। ਸੂਝ ਤੇ ਨਰਮਾਈ ਤੋਂ ਕੰਮ ਨਾ ਲਿਆ। ਸ਼ੇਰ ਦੇ ਘੁਰੇ ਵਿਚ ਵੜ ਕੇ ਉਸ ਨੂੰ ਜਗਾਉਣ ਵਾਲੀ ਗੱਲ ਕੀਤੀ। ਕੜਕ ਕੇ ਬੋਲਿਆ, "ਤੂੰ ਡਾਕੂਆਂ, ਲੁਟੇਰਿਆਂ ਤੇ ਧਾੜਵੀਆਂ ਨੂੰ ਪਨਾਹ ਦੇਂਦਾ ਹੈਂ ਤੇ ਇਨ੍ਹਾਂ ਦੀ ਲੁੱਟ ਦਾ ਮਾਲ ਖਾਂਦਾ ਹੈਂ। ਤੂੰ ਹਠੀ ਤੇ ਸੂਰਮਾ ਬਣਿਆ ਬੈਠਾ ਹੈਂ, ਪਰ ਅਜੇ ਮੇਰੇ ਹੱਥ ਨਹੀਂ ਵੇਖੇ। ਜੇ ਮੈਂ ਤੇਰੇ ਇਹ ਪਾਲਤੂ ਧਾੜਵੀ ਚੁਣ ਚੁਣ ਕੇ ਨਾ ਮਰਵਾ ਦਿਤੇ ਤਾਂ ਆਖੀਂ।" ਤਾਰਾ ਸਿੰਘ ਜੀ ਨੇ ਬੜੇ ਧੀਰਜ ਨਾਲ ਆਖਿਆ, "ਚੌਧਰੀ, ਜ਼ਬਾਨ ਨੂੰ ਸੰਭਾਲ ਕੇ ਰਖ। ਇਨ੍ਹਾਂ ਗੁਰੂ ਦੇ ਪਿਆਰਿਆਂ ਨੂੰ ਇਹ ਮੰਦੇ ਬੋਲ ਨਾ ਬੋਲ। ਕਿਸ ਨੂੰ ਮੌਤ ਦਾ ਡਰਾਵਾ ਦੇਂਦਾ ਹੈਂ? ਸਾਡੀ ਤਾਂ ਓੜਕ ਸਿਰ ਨਾਲ ਬਾਜ਼ੀ ਹੈ। ਅਸਾਂ ਤਾਂ ਪਹਿਲਾਂ ਮੌਤ ਕਬੂਲੀ ਹੈ ਤੇ ਫਿਰ ਜੀਵਨ ਲਿਆ ਹੈ। ਤੂੰ ਇਹ ਸਦਾ ਲਈ ਦਿਲ ਚੋਂ ਕਢ ਦੇਹ ਕਿ ਮੈਂ ਸ਼ਰਨ ਆਇਆਂ ਦੁਖੀਆਂ ਨੂੰ ਤੇਰੇ ਹਵਾਲੇ ਕਰ ਦਿਆਂਗਾ। ਤੇਰੇ ਵਾਸਤੇ ਇਹੋ ਭਲੀ ਹੈ ਕਿ ਆਪਣੀ ਪਤ ਲੈ ਕੇ ਚੁਪ ਚਾਪ ਇਥੋਂ ਚਲਿਆ ਜਾਹ। ਜਿਹੜੀਆਂ ਸ਼ਾਹੀ ਫੌਜਾਂ ਦਾ ਤੈਨੂੰ ਮਾਣ ਹੈ, ਬਿੰਦ ਨਾ ਉਡੀਕ, ਫਟਾ ਫਟ ਚੜ੍ਹਾ ਲਿਆ ਤੇ ਜੋ ਜੀਅ ਆਵੇ, ਸਾਡੇ ਨਾਲ ਕਰ ਲਵੀਂ। ਅਗੋਂ ਵਾਹਿਗੁਰੂ ਦੀ ਕਿਰਪਾ ਨਾਲ ਜੋ ਸਾਥੋਂ ਬਣੂੰ ਸਰੂ, ਕੀ ਤੂੰ, ਸਾਰਾ ਜਹਾਨ ਵੇਖ ਲਵੇਗਾ। ਪਰ ਐਸ ਵੇਲੇ ਤੇਰਾ ਭਲਾ ਇਥੋਂ ਤੁਰ ਜਾਣ ਵਿਚ ਹੀ ਹੈ।"

ਚੌਧਰੀ ਅਜੇ ਵੀ ਨਾ ਸਮਝਿਆ ਤੇ ਮੁੜ ਫਿਰ ਭਬਕਿਆ, "ਅੱਛਾ! ਤੇਰੀ ਇਹ ਮਜਾਲ! ਤੇਰਾ ਇਹ ਘੁਮੰਡ ਤਾਂ ਪਲ ਵਿਚ ਤੋੜ ਦਿਆਂਗਾ। ਹੁੱਕੇ ਦਾ ਪਾਣੀ ਪਾ ਕੇ ਜੁੱਤੀਆਂ ਨਾਲ ਤੇਰਾ ਸਿਰ ਉਡਾ ਦੂੰਗਾ ਤੇ ਫਿਰ ਵੇਖੂੰਗਾ ਤੇਰਾ ਗੁਰੂ ਆ ਕੇ ਤੇਰੀ ਕੀ ਸਹਾਇਤਾ ਕਰਦੈ?"

ਚੌਧਰੀ ਦੇ ਇਨ੍ਹਾਂ ਸ਼ਬਦਾਂ ਨੇ ਬਰੂਦ ਵਿਚ ਚੰਗਿਆੜੀ ਹੀ ਸੁਟ ਦਿਤੀ। ਤਾਰਾ ਸਿੰਘ ਦਾ ਚਿਹਰਾ ਸੁਰਖ਼ ਹੋ ਗਿਆ ਤੇ ਬਾਘ ਵਾਂਗ ਝਪਟ ਕੇ ਚੌਧਰੀ ਨੂੰ ਪਟਿਆਂ ਤੋਂ ਫੜ ਕੇ ਹਝੋਕਾ ਮਾਰ ਕੇ ਥਲੇ ਪੈਰਾਂ ਵਿਚ ਸੁਟ ਲਿਆ। ਪਟੇ ਤੇ ਮੁਛਾਂ ਮੁਰਕ ਵਾਂਗ ਪੁਟੇ ਗਏ। ਉਤੋਂ ਧੜਾ ਧੜ ਛਿਤਰ ਚੌਧਰੀ ਦੇ ਸਿਰ ਵਿਚ ਵਰ੍ਹਨੇ ਸ਼ੁਰੂ ਹੋ ਗਏ ਤੇ ਪਲ ਵਿਚ ਚੌਧਰੀ ਦੇ ਉਖੜੇ ਜ਼ੁੰਡੇ ਤੇ ਮੁਛਾਂ ਪੈਰਾਂ ਵਿਚ ਰੁਲਦੀਆਂ ਫਿਰਨ। ਸਿੰਘਾਂ ਨੇ ਸਾਹਿਬ ਰਾਏ ਨੂੰ ਲੂਣ ਵਾਂਗ ਭੰਨ ਸੁਟਿਆ। ਨਾਲ ਦੀ ਸਾਰੀ ਵਾਹਰ ਵਾੜਿਓਂ ਭਜ ਤੁਰੀ। ਚੌਧਰੀ ਬੌਹੜੀ ਬੌਹੜੀ ਕਰੇ ਤੇ ਹਾੜੇ ਕਢੇ ਕਿ ਮੈਨੂੰ ਬਖਸ਼ ਦਿਉ। ਮੇਰੀ ਦੁਹਾਈ! ਵਾਸਤਾ ਗੁਰੂ ਦਾ ਜੇ, ਬਖਸ਼ ਦਿਉ। ਨਿਮਾਣੀ ਗਊ ਜਾਣ ਕੇ ਮੁਆਫ਼ ਕਰ ਦਿਉ। ਸਿੰਘਾਂ ਛਡ ਦਿਤਾ ਤੇ ਧਕੇ ਮਾਰ ਕੇ ਵਾੜਿਓਂ ਬਾਹਰ ਕਢ ਕੇ ਕਿਹਾ ਕਿ ਜਾਹ ਜਿਸ ਪਿਉ ਦਾ ਤੈਨੂੰ ਮਾਣ ਹੈ, ਲੈ ਆ ਚੜ੍ਹਾ ਕੇ।

ਚੌਧਰੀ ਜਾਨੋਂ ਤਾਂ ਬਚ ਗਿਆ, ਪਰ ਹੋਈ ਬੁਰੀ। ਸੁਜਾ ਹੋਇਆ ਮੂੰਹ ਸਿਰ ਵਲ੍ਹੇਟ ਕੇ ਡਿਗਦਾ ਢਹਿੰਦਾ



www.AKJ.Org

ਪਿੰਡੋਂ ਚੜ੍ਹਦੇ ਪਾਸੇ ਦੀ ਬਾਹਰ ਬਾਹਰ ਵਾੜਿਓਂ ਦੁਰਾਡਾ ਜਾ ਕੇ ਪੱਟੀ ਵਲ ਨੂੰ ਹੋ ਤੁਰਿਆ।

ਜ਼ਕਰੀਆ ਖਾਨ ਦੀ ਗਵਰਨਰੀ ਸਮੇਂ ਮਾਝੇ ਦੇ ਇਲਾਕੇ ਦਾ ਤਕੜਾ ਹਿੱਸਾ, ਪ੍ਰਬੰਧ ਵਜੋਂ ਪੱਟੀ ਦੇ ਮਾਤਹਿਤ ਸੀ ਤੇ ਨੁਸ਼ਹਿਰਾ-ਢਾਲਾ, ਝਬਾਲ ਤੇ ਨੁਸ਼ਹਿਰਾ-ਪਨੂੰਆਂ ਦੇ ਚੌਧਰੀ ਆਪਣੀ ਮਾਲ-ਗੁਜ਼ਾਰੀ ਉਗ੍ਰਾਹ ਕੇ ਇਥੇ ਆਣ ਕੇ ਤਾਰਿਆ ਕਰਦੇ ਸਨ। ਇਹ ਮਾਲਗੁਜ਼ਾਰੀ ਦੀ ਰਕਮ ਨੌਂ ਲਖ ਦੀ ਹੁੰਦੀ ਸੀ, ਇਸ ਲਈ ਇਸ ਨੂੰ ਨੌਂ-ਲਖੀ ਪੱਟੀ ਵੀ ਕਿਹਾ ਜਾਂਦਾ ਸੀ। ਇਹਨੀਂ ਦਿਨੀਂ ਗੁਰੂ ਚੱਕ (ਸ੍ਰੀ ਅੰਮ੍ਰਿਤਸਰ ਸਾਹਿਬ) ਵੀ ਪ੍ਰਬੰਧਕੀ ਪਖੋਂ ਪੱਟੀ ਦੀ ਅਮਲਦਾਰੀ ਵਿਚ ਹੀ ਹੁੰਦਾ ਸੀ। ਇਸ ਸਾਰੇ ਇਲਾਕੇ ਵਿਚ ਅਮਨ ਅਮਾਨ ਰਖਣ ਲਈ ਜ਼ੁਮੇਵਾਰ ਫ਼ੌਜਦਾਰ, ਜਿਸ ਦਾ ਨਾਮ ਜਾਫ਼ਰ ਬੇਗ ਸੀ, ਪੱਟੀ ਹੀ ਰਹਿੰਦਾ ਸੀ।

ਸਾਹਿਬ ਰਾਏ "ਵਾਂ" ਪਿੰਡੋਂ ਚੱਲ ਕੇ ਸਿੱਧਾ ਪੱਟੀ ਫੌਜਦਾਰ ਪਾਸ ਗਿਆ ਤੇ ਹੋਈ ਅਣਹੋਈ ਲਾ ਭਜਾ ਕੇ ਉਸ ਨੂੰ ਇੰਜ ਆਖਿਆ ਕਿ ਸਾਥੋਂ ਇਸ ਇਲਾਕੇ ਵਿਚੋਂ ਮਾਮਲਾ ਇਕੱਠਾ ਨਹੀਂ ਹੋ ਸਕਦਾ। ਜਿਥੇ ਵੀ ਮਾਮਲਾ ਵਸੂਲ ਕਰਨ ਲਈ ਜਾਂਦੇ ਹਾਂ, ਅਗੋਂ ਲੋਕ ਆਖਦੇ ਹਨ ਕਿ ਮਾਮਲਾ ਤਾਂ ਸਿੰਘ ਉਘਰਾ ਕੇ ਲੈ ਗਏ ਹਨ, ਅਸੀਂ ਦੂਜੀ ਵਾਰ ਹੁਣ ਹੋਰ ਕਿਥੋਂ ਦੇਈਏ। ਜੇ ਉਨ੍ਹਾਂ ਅਗੇ ਕੋਈ ਵੇਹਰੇ ਤਾਂ ਉਸ ਦੀਆਂ ਫਸਲਾਂ ਵਢ ਲੈਂਦੇ ਹਨ, ਜਾਂ ਉਜਾੜ ਜਾਂਦੇ ਹਨ। ਉਹ ਸਰਕਾਰ ਨੂੰ ਟਿਚ ਸਮਝਦੇ ਹਨ। ਆਪਣਾ ਹੀ ਇਕ ਅੜਵਿੰਗ ਜਿਹਾ ਪੰਥ ਚਲਾਈ ਫਿਰਦੇ ਹਨ। ਹਿੰਦੂ ਮੁਸਲਮਾਨਾਂ ਵਾਲੀ ਉਨ੍ਹਾਂ ਵਿਚ ਗੱਲ ਹੀ ਕੋਈ ਨਹੀਂ। ਰਾਮ ਰਾਮ ਜਾਂ ਸਲਾਮ ਨਹੀਂ ਅਗੋਂ ਬੁਲਾਉਂਦੇ, ਸਗੋਂ ਵਾਹਿਗੁਰੂ ਤੇ ਖਾਲਸੇ ਦੀ ਫਤਹਿ ਫਤਹਿ ਕਰਦੇ ਰਹਿੰਦੇ ਹਨ। ਉੱਚੀ ਆਵਾਜ਼ ਵਿਚ ਸ਼ਬਦ ਪੜ੍ਹਦੇ ਹਨ ਤੇ ਦੋਵੇਂ ਵਕਤ ਸੁਣਾ ਸੁਣਾ ਕੇ ਬੜੀ ਉਚੀ ਉਚੀ ਪੜ੍ਹਦੇ ਹਨ ਕਿ 'ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ.. ।' ਤੇ ਜੈਕਾਰਿਆਂ ਨਾਲ ਨਿਤ ਜੰਗਲ ਬੇਲੇ ਗੂੰਜਦੇ ਰਹਿੰਦੇ ਹਨ। ਮਿਰਜ਼ਾ ਜੀ! ਛੇਤੀ ਕੋਈ ਤਕੜਾਈ ਕਰ ਲਵੋ, ਨਹੀਂ ਤਾਂ ਸਿੱਟਾ ਬਹੁਤ ਮਾੜਾ ਨਿਕਲੂ। ਮੇਰੀਆਂ ਘੋੜੀਆਂ ਵੀ ਖੇਹਰ ਨਾਲ ਇਨ੍ਹਾਂ ਸਿੰਘਾਂ ਨੇ ਹੀ ਕੱਢ ਲਈਆਂ ਹਨ। ਚੋਰਾਂ ਦਾ ਖੋਜ ਤਾਰਾ ਸਿੰਘ ਦੇ ਵਾੜੇ ਵਲ ਗਿਆ ਸੀ। ਮੈਂ ਘੋੜੀਆਂ ਤੇ ਚੋਰਾਂ ਨੂੰ ਫੜਨ ਗਿਆ ਤੇ ਤਾਰਾ ਸਿੰਘ ਵਾਈਏਂ ਨੇ ਅਗੋਂ ਬੜਾ ਮੰਦਾ ਬੋਲਿਆ, ਮੇਰੇ ਗਲ ਵੀ ਪਿਆ ਤੇ ਬੜੀ ਡਾਢੀ ਬੇਪਤੀ ਕੀਤੀ। ਸਰਕਾਰ ਨੂੰ ਵੀ ਬੜੇ ਭੈੜੇ ਬੋਲ ਬੋਲੇ। ਮਾਝੇ ਵਿਚ ਮਾਰਾਂ ਧਾੜਾਂ ਕਰਨ ਵਾਲੇ ਸਾਰੇ ਉਸ ਪਾਸ ਆ ਕੇ ਠਹਿਰਦੇ ਹਨ। ਉਹ ਲੰਗਰ ਪਾਣੀ ਛਕਾਉਂਦਾ ਹੈ, ਲੁਟ ਵਿਚੋਂ ਹਿਸਾ ਲੈਂਦਾ ਹੈ ਤੇ ਉਨ੍ਹਾਂ ਨੂੰ ਹਲਾ ਸ਼ੇਰੀ ਦੇਂਦਾ ਹੈ।

ਜਦ ਚੌਧਰੀ ਨੇ ਫੌਜਦਾਰ ਨੂੰ ਇੰਜ ਝੂਠ ਸੱਚ ਗੰਢ ਕੇ ਚੰਗਾ ਭਖਾ ਲਿਆ ਤਾਂ ਉਸ ਨੂੰ ਸਲਾਹ ਦਿਤੀ ਕਿ ਜੇਕਰ ਤਾਰਾ ਸਿੰਘ ਤੇ ਉਸ ਦਿਆਂ ਸਾਥੀਆਂ ਨੂੰ ਫੜ ਲਿਆ ਜਾਵੇ ਤਾਂ ਉਨ੍ਹਾਂ ਵਲੋਂ ਮਚਾਈ ਸਿਖਾਗਰਦੀ ਨੂੰ ਠੱਲ੍ਹ ਪੈ ਸਕਦੀ ਹੈ। ਸਾਰੇ ਮਾਝੇ ਵਿਚ ਐਨ ਅਮਨ ਚੈਨ ਹੋ ਸਕਦੇ, ਨਹੀਂ ਤਾਂ ਕੋਈ ਹਾਲ ਨਹੀਂ। ਇਕ ਵਾਰ ਇਨ੍ਹਾਂ ਦਾ ਜੇ ਮੁਢ ਪੁਟ ਦਿਤਾ ਤਾਂ ਫਿਰ ਕੋਈ ਸਿਰ ਨਹੀਂ ਚੁਕੇਗਾ। ਇਸ ਤੋਂ ਬਿਨਾਂ ਕੋਈ ਚਾਰਾ ਨਹੀਂ।

ਜਾਫ਼ਰ ਬੇਗ ਨੇ ਜੋਸ਼ ਵਿਚ ਆ ਕੇ ਹੁਕਮ ਦਿਤਾ, "ਘੋੜਾ ਲਿਆਉ ਤੇ ਕੁਝ ਸਵਾਰ ਮੇਰੇ ਨਾਲ ਚਲੋ। ਅੱਜ ਹੀ ਇਨ੍ਹਾਂ ਮੂਜ਼ੀਆਂ ਨੂੰ ਫੜ ਲਿਆਉਂਦਾ ਹਾਂ।" ਚੌਧਰੀ ਵਾੜਿਓਂ ਨਜ਼ਾਰੇ ਵੇਖ ਆਇਆ ਸੀ, ਝੱਟ ਬੋਲਿਆ, "ਵੇਖਿਓ, ਕਿਤੇ ਇਹ ਗਲਤੀ ਨਾ ਕਰ ਬੈਠਿਓ। ਉਹ ਵਾੜਾ ਨਹੀਂ, ਡੂਮਣੇ ਦਾ ਛੱਤਾ ਹੈ। ਪੂਰੀ ਤਿਆਰੀ ਤੇ ਤਕੜਾਈ ਨਾਲ ਜਾਣਾ ਚਾਹੀਦਾ ਹੈ। ਤਾਰਾ ਸਿੰਘ ਨੂੰ ਫੜ ਲੈਣਾ ਕੋਈ ਬੱਚਿਆਂ ਦੀ ਖੇਡ ਨਹੀਂ। ਤੁਸਾਂ ਸ਼ੇਰ ਦੇ ਘੋਰਨੇ ਵਿਚ ਵੜ ਕੇ ਉਸ ਨੂੰ ਹੱਥ ਪਾਉਣਾ ਹੈ। ਸੋਚ ਲਵੋ ਇਸ ਲਈ ਕਿੰਨੀ ਕੁ ਤਾਕਤ ਦੀ ਲੋੜ ਹੈ। ਅਗੇ ਬਘੇਰੇ ਤੇ ਚਿਤਰੇ ਇਕੱਠੇ ਹੋਏ ਬੈਠੇ ਹਨ। ਜਿੰਨੇ ਕੁ ਚਲੇ ਹੋ, ਇਨ੍ਹਾਂ ਦੀ ਤਾਂ ਕਿਤੇ ਲੂਈਂ ਵੀ ਨਹੀਂ ਲਭਣੀ। ਤਿਆਰੀ ਕਰੋ, ਤਕੜੀ ਤਿਆਰੀ।

[ਚਲਦਾ



www.AKJ.Org

# ਖੰਨਿਅਹੁ ਤਿਖੀ ਵਾਲਹੁ ਨਿਕੀ

[ਭਾਈ ਰਾਮ ਸਿੰਘ ਜੀ ਸੁਕਐਡਰਨ ਲੀਡਰ (ਰੀ:), ਸ੍ਰੀ ਅੰਮ੍ਰਿਤਸਰ]

ਮਾਰਗ ਰਸਤੇ ਨੂੰ ਕਹਿੰਦੇ ਹਨ, ਜਿਸ ਉੱਤੇ ਚੱਲ ਕੇ ਕਿਸੇ ਨਿਸ਼ਾਨੇ ਤੇ ਪਹੁੰਚ ਸਕੀਦਾ ਹੈ। ਗੁਰਬਾਣੀ ਅੰਦਰ ਇਸ ਨੂੰ ਮ ਗ, ਵਾਟ, ਚਾਲੀ, ਦਰ, ਪੰਥ, ਪੰਥਾ, ਆਦਿ ਕਰ ਕੇ ਭੀ ਕਿਹਾ ਗਿਆ ਹੈ।

ਗੁਰੂ ਸਾਹਿਬ ਜੀ ਗੁਰਮਤਿ-ਮਾਰਗ ਬਾਰੇ ਫ਼ੁਰਮਾਉਂਦੇ ਹਨ : "ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ" (੯੧੮)। ਗੁਰਮਤਿ ਮਾਰਗ ਨੂੰ ਖੰਡੇ ਦੀ ਧਾਰ ਨਾਲੋਂ ਭੀ ਜ਼ਿਆਦਾ ਤਿੱਖਾ ਹੋਣ ਨਾਲ ਤੁਲਨਾ ਦਿੱਤੀ ਗਈ ਹੈ। ਇਤਨੇ ਤਿੱਖੇ ਮਾਰਗ ਉਤੇ ਚਲਦੇ ਹੋਏ ਗੁਰਸਿਖ ਲਈ ਇਸ ਮਾਰਗ ਤੋਂ ਪੈਰ ਪੁੱਟ ਕੇ ਪਾਸੇ ਰੱਖਣ ਜੋਗੀ ਥਾਂ ਹੀ ਨਹੀਂ ਹੁੰਦੀ। ਇਸ ਤੁਕ ਤੋਂ ਸਿੱਟਾ ਇਹ ਨਿਕਲਦਾ ਪ੍ਰਤੀਤ ਹੁੰਦਾ ਹੈ ਕਿ ਗੁਰਮਤਿ-ਮਾਰਗ ਦਾ ਪਾਂਧੀ ਆਪਣੀ ਮਰਜ਼ੀ ਨਾਲ ਇਸ ਮਾਰਗ ਤੋਂ ਜ਼ਰਾ ਕੁ ਭੀ ਏਧਰ ਓਧਰ ਨਹੀਂ ਹੋ ਸਕਦਾ। ਜ਼ਰਾ ਕੁ ਭੀ ਮਾਰਗ ਤੋਂ ਪਾਸੇ ਹੋਇਆ ਤਾਂ ਇਸ ਤੋਂ ਗਿਰਿਆ ਸਮਝੋ।

ਅਸੀਂ ਇਹ ਭੀ ਜਾਣਦੇ ਹਾਂ ਕਿ ਗੁਰੂ ਸਾਹਿਬ ਜੀ ਦੇ ਹੁਕਮਾਂ ਤੇ ਚੱਲਣ ਨੂੰ ਹੀ ਗੁਰਮਤਿ-ਮਾਰਗ ਦਾ ਪਾਂਧੀ ਹੋਣਾ ਕਿਹਾ ਜਾਂਦਾ ਹੈ। ਇਸ ਲਈ ਗੁਰਸਿੱਖ ਆਪਣੀ ਮਰਜ਼ੀ ਵਰਤ ਕੇ ਗੁਰੂ-ਹੁਕਮਾਂ ਤੋਂ ਜ਼ਰਾ ਭਰ ਭੀ ਏਧਰ ਓਧਰ ਨਹੀਂ ਹੋ ਸਕਦਾ। ਜ਼ਰਾ ਕੁ ਭੀ ਏਧਰ ਓਧਰ ਹੋਇਆ ਤਾਂ ਮਾਰਗ ਤੋਂ ਗਿਰਿਆ (ਭਾਵ, ਕਿ ਸਿੱਖੀ ਤੋਂ ਹੱਥ ਧੋ ਬੈਠਾ)। ਇਹ ਹੈ ਕਰੜਾਈ 'ਖੰਨਿਅਹੁ ਤਿਖੀ ਵਾਲਹੁ ਨਿਕੀ' ਵਾਲੇ ਗੁਰਮਤਿ ਮਾਰਗ ਦੀ। ਭਾ: ਸਾ: ਭਾ: ਰਣਧੀਰ ਸਿੰਘ ਜੀ 'ਅੰਮ੍ਰਿਤ ਕਲਾ' ਪੁਸਤਕ ਵਿਚ ਅੰਮ੍ਰਿਤਧਾਰੀ ਸਿੱਖ ਸੰਬੰਧੀ ਲਿਖਦੇ ਹਨ—

> **"ਖਿਨ ਖਿਨ ਭੁਲਣਹਾਰ ਪ੍ਰਾਣੀ ਨੂੰ ਪੈਰ ਪੈਰ ਉੱਤੇ ਪਤਿਤ ਹੋਣ ਦਾ ਅੰਦੇਸ਼ਾ ਹੈ। ਇਸ ਕਰਕੇ ਹੀ ਤਾਂ ਗੁਰਮਤਿ-ਮਾਰਗ ਖੰਡੇਧਾਰ ਮਾਰਗ ਹੈ। ਖੰਡੇਧਾਰ ਮਾਰਗ ਉਤੇ ਚਲਦਿਆਂ ਪੈਰ ਖਿਸਰਿਆ ਨਹੀਂ ਤਾਂ ਰਸਾਤਲ ਗਿਰਿਆ ਨਹੀਂ।"**

ਰੱਬੀ ਰੀਤਿ ਦੀ ਇਹੀ ਨਿਰਾਲੀ ਕਥਾ ਹੈ ਕਿ ਗੁਰੂ ਸਾਹਿਬ ਜੀ ਦਾ ਹੁਕਮ ਮੰਨਣਾ ਹੀ ਪੈਣਾ ਹੈ, ਯਥਾ :— "ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ।" (੬੬੭)

"ਜਬ ਲਗ ਖਾਲਸਾ ਰਹੇ ਨਿਆਰਾ, ਤਬ ਲਗ ਤੇਜ ਦੀਓ ਮੈ ਸਾਰਾ ॥
ਜਬ ਯਹ ਗਹੈ ਬਿਪਰਨ ਕੀ ਰੀਤਿ, ਮੈਂ ਨ ਕਰੋਂ ਇਨ ਕੀ ਪ੍ਰਤੀਤਿ ॥"

ਕਲਗੀਧਰ ਪਾਤਸ਼ਾਹ ਜੀ ਦਾ ਇਹ ਹੁਕਮ ਉਪਰ ਦਰਸਾਏ ਭਾਵ ਨੂੰ ਕੈਸੇ ਨਿਖਾਰ ਕੇ ਦੋ-ਟੁੱਕ ਕਰਕੇ ਸਾਡੇ ਸਾਹਮਣੇ ਰੱਖਦਾ ਹੈ, ਕਿ ਜਦੋਂ ਤੱਕ ਖਾਲਸਾ ਆਪਣੇ ਨਿਆਰੇ ਗੁਰ-ਦਰਸਾਏ ਮਾਰਗ ਉੱਤੇ ਕਾਇਮ ਰਹੇਗਾ ਤਦ ਤੱਕ ਗੁਰੂ ਸਾਹਿਬ ਜੀ ਇਸ ਨੂੰ ਆਪਣੀ ਪੂਰੀ ਬਖਸ਼ਸ਼ ਦੇਈ ਰਖਣਗੇ। ਅਤੇ ਜਦੋਂ ਇਸ ਨੇ ਗੁਰੂ-ਰੀਤਿ ਛੱਡ ਕੇ ਬਿਬਰਜਤ ਬਿਪਰਨ ਰੀਤਿ ਭੋਰਾ ਕੁ ਭੀ ਇਖ਼ਤਿਆਰ ਕਰ ਲਈ ਤਾਂ ਗੁਰੂ ਸਾਹਿਬ ਜੀ ਅਜਿਹੇ ਅਖੌਤੀ ਖਾਲਸੇ ਨੂੰ ਬੇ-ਇਤਬਾਰਾ ਜਾਣ ਕੇ ਇਸ ਦੀ ਕੋਈ ਬੇਨਤੀ ਨਹੀਂ ਸੁਣਨਗੇ। ਤਦ ਇਸ ਅਖੌਤੀ ਖਾਲਸੇ ਉਪਰ ਗੁਰੂ ਜੀ ਦੀ ਬਖਸ਼ਸ਼ ਸਿਫ਼ਰ ਹੋ ਜਾਏਗੀ। ਗੁਰਮਤਿ ਮਾਰਗ ਨੇ ਤਾਂ ਗੁਰੂ-ਰੀਤਿ ਅਤੇ ਮਨ-ਮਰਜ਼ੀ ਦੇ ਮਿਲਗੋਭੇ ਦੀ ਸੰਭਾਵਨਾ ਦਾ ਰਸਤਾ ਹੀ ਮੁਕਾ ਦਿੱਤਾ ਹੈ। ਇਸ ਦਾ ਭਾਵ ਇਹ ਨਿਕਲਿਆ ਕਿ ਗੁਰਮਤਿ-ਮਾਰਗ ਤੋਂ ਗਿਰ ਬੈਠੇ ਸਿੱਖ ਦੀ ਸਿੱਖੀ ਦੀ ਕਹਾਣੀ ਸਮਾਪਤ ਹੋ ਗਈ।

ਗੁਰਬਾਣੀ ਵਿਚ ਗੁਰਮਤਿ-ਮਾਰਗ ਦਾ ਮੁਕਾਬਲਾ ਸੂਲੀ ਨਾਲ ਭੀ ਕੀਤਾ ਹੋਇਆ ਹੈ : "ਸੂਰੀ ਉਪਰਿ ਖੇਲਨਾ ਗਿਰੈ ਤ ਠਾਹਰ ਨਾਹਿ।" ਗੁਰੂ ਜੀ ਦੇ ਹੁਕਮਾਂ ਨੂੰ ਮੰਨਣਾ ਹੀ 'ਸੂਰੀ ਉਪਰਿ' ਖੇਲਨਾ ਹੈ। ਸੂਲੀ ਉਪਰ ਕੇਵਲ ਇੱਕ ਥਾਂ ਤੇ ਹੀ ਖੜਿਆਂ ਹੋ ਸਕੀਦਾ ਹੈ। ਇਸ ਉੱਪਰ ਏਧਰ ਓਧਰ ਫਿਰਨ ਦੀ ਥਾਂ ਨਹੀਂ ਹੁੰਦੀ। ਸੂਲੀ ਹੁੰਦੀ ਭੀ


www.AKJ.Org

ਜ਼ਮੀਨ ਤੋਂ ਕਾਫ਼ੀ ਉੱਚੀ ਹੈ। ਸੂਲੀ ਤੋਂ ਪੈਰ ਪੁੱਟ ਕੇ ਜ਼ਰਾ ਕੁ ਭੀ ਪਾਸੇ ਕਰਨ ਨਾਲ ਤਾਂ ਇਸ ਤੋਂ ਗਿਰਨਾ ਹੀ ਗਿਰਨਾ ਹੈ। ਅਤੇ ਜਦ ਸੂਲੀ ਤੋਂ ਗਿਰਿਆ ਤਾਂ ਇਸ ਦੇ ਬਚਾਅ ਦੀ ਕੋਈ ਸੂਰਤ ਹੀ ਨਹੀਂ, ਸਿੱਧਾ ਧਰਤੀ ਉੱਤੇ ਪਟੱਕ ਵੱਜੇਗਾ ਅਤੇ ਚਕਨਾਚੂਰ ਹੋ ਕੇ ਖ਼ਤਮ ਹੋ ਜਾਏਗਾ। ਇਸ ਤੁਕ ਰਾਹੀਂ ਭੀ ਗੁਰਦੇਵ ਜੀ ਇਹੋ ਦੱਸ ਰਹੇ ਹਨ ਕਿ, ਐ ਗੁਰਸਿਖ ! ਗੁਰੂ ਸਾਹਿਬ ਜੀ ਦੇ ਹੁਕਮ ਮੰਨੀ ਜਾਣ ਵਿਚ ਹੀ ਤੇਰਾ ਭਲਾ ਅਤੇ ਬਚਾਅ ਹੈ। ਜ਼ਰਾ ਕੁ ਭੀ ਤੂੰ ਗੁਰ-ਹੁਕਮਾਂ ਤੋਂ ਬਾਹਰ ਹੋਇਆ ਤਾਂ ਸਿੱਖੀ ਮਾਰਗ ਤੇਰੇ ਹੱਥੋਂ ਗਿਆ।

ਜਿਨ੍ਹਾਂ ਵਡਭਾਗੀਆਂ ਨੂੰ ਇਹ ਯਕੀਨ ਆ ਜਾਂਦਾ ਹੈ ਕਿ ਇਸ ਜੀਵਨ ਵਿਚ ਗੁਰਮਤਿ-ਮਾਰਗ ਦਾ ਪਾਂਧੀ ਹੋਣ ਦਾ ਕੇਵਲ ਇੱਕੋ ਹੀ ਅਤ੍ਰੇਨਤ ਮਿਲਦਾ ਹੈ, ਉਹ ਗੁਰੂ ਕੇ ਲਾਲ ਗੁਰੂ-ਹੁਕਮਾਂ ਅਨੁਸਾਰ ਆਪਣਾ ਜੀਵਨ ਢਾਲਣ ਦਾ ਪੂਰਾ ਪੂਰਾ ਉਪਰਾਲਾ ਕਰਦੇ ਹਨ। ਅਤੇ ਅਜਿਹਾ ਕਰਦੇ ਹੋਏ ਉਹ ਆਪਣੇ ਬਾਰੇ ਲੋਕ-ਰਾਏ ਦੀ ਜ਼ਰਾ ਭਰ ਭੀ ਪਰਵਾਹ ਨਹੀਂ ਕਰਦੇ। ਯਥਾ :—ਕੋਟੀ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ।" (੫੨੮)। ਉਨ੍ਹਾਂ ਦਾ ਜੀਵਨ-ਨਿਸ਼ਾਨਾ ਤਾਂ ਕੇਵਲ ਗੁਰ-ਹੁਕਮਾਂ ਦੀ ਕਮਾਈ ਕਰਨ ਦਾ ਹੀ ਉਪਰਾਲਾ ਹੁੰਦਾ ਹੈ। ਦੁਨੀਆ ਨਾਲ ਤਾਂ ਉਨ੍ਹਾਂ ਦਾ 'ਲੋਗਨ ਸਿਉ ਮੇਰਾ ਠਾਠਾ ਬਾਗਾ' (੩੮੪) ਹੀ ਹੁੰਦਾ ਹੈ।

ਗੁਰਮਤਿ-ਮਾਰਗ ਉੱਤੇ ਚੱਲਣ ਦਾ ਢੰਗ ਗੁਰੂ ਜੀ ਇੰਜ ਦੱਸਦੇ ਹਨ :—ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ।" ਭਾਵ ਕਿ, ਆਪਣਾ ਮਨ ਅਤੇ ਸਿਰ ਗੁਰੂ ਪਾਸ ਵੇਚ ਦੇਈਏ। ਵੇਚੀ ਹੋਈ ਚੀਜ਼ ਮੁੜ ਵਾਪਸ ਨਹੀਂ ਮਿਲ ਸਕਦੀ—(ਹਮ ਵੇਚਿਓ ਸਿਰੁ ਗੁਰ ਕੇ —੭੩੧)ਸੀਸ ਤਾਂ ਕੇਵਲ ਇੱਕ ਵੇਰ ਹੀ ਵੇਚਿਆ ਜਾ ਸਕਦਾ ਹੈ। ਸਿਰ ਵੇਚ ਦੇਣ ਨਾਲ ਨੇਤਰ, ਕੰਨ, ਰਸਨਾ ਅਤੇ ਆਪਣੀ ਮਤ ਭੀ ਸਿਰ ਦੇ ਨਾਲ ਹੀ ਗੁਰੂ-ਅਰਪਣ ਹੋ ਗਏ। ਏਨ੍ਹਾਂ ਦੇ ਰਾਹੀਂ ਹੀ ਮਾਇਆ ਦੀ ਹਨੇਰੀ ਦੇ ਬੁੱਲੇ ਸਾਡੇ ਪੈਰ ਨਹੀਂ ਟਿਕਣ ਦੇਂਦੇ, ਜਿਸ ਕਰਕੇ ਅਸੀਂ ਗੁਰਮਤਿ-ਮਾਰਗ ਤੋਂ ਥਿੜਕ ਥਿੜਕ ਪੈਂਦੇ ਹਾਂ। ਜੇ ਅਸੀਂ ਇਨ੍ਹਾਂ ਤੋਂ ਆਪਣਾ ਖਹਿੜਾ ਛੁਡਾ ਲਈਏ ਤਾਂ ਫਿਰ ਮਾਇਆ ਦੇ ਬੁੱਲੇ ਸਾਨੂੰ ਗੁਰਮਤਿ-ਮਾਰਗ ਤੋਂ ਡੁਲਾ ਨਹੀਂ ਸਕਦੇ। ਯਥਾ : "ਪਵਨ ਝੁਲਾਰੇ ਮਾਇਆ ਦੇਇ ॥ ਹਰਿ ਕੇ ਭਗਤ ਸਦਾ ਥਿਰੁ ਸੇਇ" (੮੦੧)। ਇਸ ਤੁਕ ਵਿਚ 'ਸਦਾ ਥਿਰੁ' ਪਦ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਸ ਦਾ ਭਾਵ ਹੈ ਕਿ ਗੁਰਸਿੱਖ **ਹਮੇਸ਼ਾ** ਹੀ ਗੁਰਮਿਤਾਮਾਰਗ ਉੱਤੇ ਕਾਇਮ (ਥਿਰ) ਰਹਿੰਦੇ ਹਨ। ਉਹ ਗੁਰੂ ਹੁਕਮ ਮੋੜਦੇ ਹੀ ਨਹੀਂ। ਉਹਨਾਂ ਦਾ ਮਨ ਪਤਿਤ ਕਰਮਾਂ ਵੱਲ ਜਾਂਦਾ ਹੀ ਨਹੀਂ।

ਗੁਰਮਤਿ-ਮਾਰਗ ਉੱਤੇ ਕਾਇਮ ਰਹਿਣ ਸੰਬੰਧੀ ਗੁਰੂ ਸਾਹਿਬ ਜੀ, ਭਗਤ ਕਬੀਰ ਜੀ ਰਾਹੀਂ ਇਕ ਹੋਰ ਉਪਮਾ ਦੇਂਦੇ ਹਨ : "ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ॥ ਪਾਵਹੁ ਤੇ ਪਿੰਗੁਲ ਭਇਆ ਮਾਰਿਆ ਸਤਿਗੁਰ ਬਾਨ ॥" (੧੩੭੪) ਭਾਵ ਕਿ, ਗੁਰੂ ਜੀ ਨੇ ਮੈਨੂੰ ਹੁਕਮ-ਰੂਪੀ ਬਾਣ (ਤੀਰ) ਮਾਰਿਆ ਹੈ (ਅਤੇ ਮੈਂ ਉਨ੍ਹਾਂ ਦਾ ਹੁਕਮ ਪਰਵਾਨ ਕਰ ਲਿਆ ਹੈ)। ਇਸ ਲਈ ਹੁਣ ਮੇਰੀ ਅਕਲ, ਮੇਰੀ ਜ਼ਬਾਨ, ਮੇਰੇ ਕੰਨ ਅਤੇ ਮੇਰੇ ਪੈਰ, ਮੇਰੇ ਲਈ ਇਨ੍ਹਾਂ ਸਾਰਿਆਂ ਦੀ (ਮੇਰੀ ਆਪਣੀ ਮਰਜ਼ੀ ਮੁਤਾਬਿਕ) ਵਰਤੋਂ ਖਤਮ ਹੋ ਗਈ ਹੈ। ਹੁਣ ਜਿਵੇਂ ਗੁਰੂ ਸਾਹਿਬ ਜੀ ਕਹਿੰਦੇ ਹਨ, ਮੈਂ ਇਨ੍ਹਾਂ ਨੂੰ ਉਵੇਂ ਹੀ ਵਰਤਦਾ ਹਾਂ। ਇਹ ਹੈ ਗੁਰਮਤਿ ਮਾਰਗ। ਅਜਿਹਾ ਕਰਨ ਨਾਲ ਹੀ ਭਗਤੀ ਥਾਇਂ ਪੈਂਦੀ ਹੈ ਅਤੇ ਸਭ ਫਲ ਪ੍ਰਾਪਤ ਹੁੰਦੇ ਹਨ। ਯਥਾ :—ਮਨ ਬਚ ਕ੍ਰਮ ਆਰਾਧੈ ਹਰਿ ਹਰਿ ਸਾਧ ਸੰਗਿ ਸੁਖੁ ਪਾਇਆ" (੧੨੨੦)। ਇਸ ਤੁਕ ਵਿਚ ਮਨ, ਬਚਨ ਅਤੇ ਕਰਮ ਰਾਹੀਂ, ਉਪਰ ਦਰਸਾਏ ਗਏ 'ਗੂੰਗਾ, ਬਾਵਰਾ, ਪਿੰਗਲ' ਹੋਣ ਵਾਲਾ ਭਾਵ ਹੀ ਦਰਸਾਇਆ ਹੋਇਆ ਹੈ।

ਗੁਰਮਤਿ-ਮਾਰਗ ਉੱਤੇ ਕਰੜਾਈ ਨਾਲ ਚੱਲਣ ਸੰਬੰਧੀ, ਗੁਰਸਿਖ-ਸਖੀ ਗੁਰਸਿਖ-ਸਹੇਲੀ ਨੂੰ, ਗੁਰੂ-ਹੁਕਮਾਂ ਨੂੰ ਇੰਨ ਬਿੰਨ ਮੰਨਣ ਦੀ ਹੀ ਸਮਝੌਣੀ ਦੇਂਦੀ ਹੈ। ਯਥਾ : "ਸਖੀ ਸਹੇਲੀ ਕਉ ਸਮਝਾਵੈ ॥ ਸੋਈ ਕਮਾਵੈ ਜੋ ਪ੍ਰਭ ਭਾਵੈ ॥ ਸਾ ਸੋਹਾਗਣਿ ਅੰਕਿ ਸਮਾਵੈ" (੭੩੭)॥ ਭਾਵ ਕਿ, ਐ ਗੁਰਸਿਖ ਸਹੇਲੀਏ ! ਤੂੰ ਓਹੋ ਕੁਝ ਹੀ ਕਰ ਜੋ ਪ੍ਰਭੂ ਨੂੰ ਭਾਉਂਦਾ ਹੈ (ਜੋ ਗੁਰੂ ਦਾ ਹੁਕਮ ਹੈ)। ਅਜਿਹਾ ਕਰਨ ਵਾਲੀ ਸਖੀ ਨੂੰ ਹੀ ਰੱਬ ਦਾ ਮਿਲਾਪ (ਰੱਬ ਵਿਚ ਸਮਾਅ ਜਾਣ ਦਾ ਸੁਭਾਗ) ਪ੍ਰਾਪਤ ਹੋ ਸਕੇਗਾ। ਹੋਰ ਪ੍ਰੋੜ੍ਹਤਾ ਵਜੋਂ : "ਜੇ ਗੁਰੁ ਦਸੈ ਵਾਟ ਮੁਰੀਦਾ


www.AKJ.Org

ਜੋਲੀਐ" (੪੮੮)। ਭਾਵ ਕਿ, ਜਿਹੜਾ ਮਾਰਗ ਗੁਰੂ ਦਸਦਾ ਹੈ, ਗੁਰਸਿਖ ਮੁਰੀਦ ਨੂੰ ਓਸੇ ਰਸਤੇ ਉੱਤੇ ਹੀ ਚਲਣਾ ਲੋੜੀਏ। ਗੁਰਬਾਣੀ ਅੰਦਰ ਅਨੇਕਾਂ ਥਾਵਾਂ ਤੇ ਵਖ ਵਖ ਢੰਗਾਂ ਨਾਲ, ਕਰੜੇ ਗੁਰਮਤਿ ਮਾਰਗ ਉੱਤੇ ਟਿਕੇ ਰਹਿਣ ਦੀਆਂ ਸਮਝੌਣੀਆਂ ਦੇਣ ਦਾ ਏਹੀ ਸਿੱਟਾ ਨਿਕਲਦਾ ਪ੍ਰਤੀਤ ਹੁੰਦਾ ਹੈ, ਕਿ ਜਿਸ ਤਰ੍ਹਾਂ ਭੀ ਹੋ ਸਕੇ, ਗੁਰਸਿਖ ਆਪਣੀ ਸਿਖੀ ਬਚਾਈ ਰੱਖੇ (ਪਤਿਤ ਹੋਣੋਂ ਬਚਿਆ ਰਹੇ), ਮਾਰਗ ਤੋਂ ਪਾਸੇ ਨਾ ਹੋਵੇ।

ਸਾਡੀ ਅਗਵਾਈ ਲਈ ਫਰੀਦ ਸਾਹਿਬ ਜੀ ਆਪਣੇ ਮਨ ਨੂੰ ਆਪ ਹੀ ਸਮਝੌਣੀ ਦੇ ਰਹੇ ਹਨ ਕਿ, ਐ ਮੇਰੇ ਮਨ, ਜਿਸ ਮਾਰਗ ਉੱਤੇ ਚੱਲ ਕੇ ਤੂੰ ਆਪਣੇ ਨਿਸ਼ਾਨੇ ਤੇ ਪਹੁੰਚਣਾ ਹੈ, ਉਹ ਬੜਾ ਔਖਾ ਅਤੇ ਬਾਰੀਕ ਹੈ, ਉਸ ਤੋਂ ਗਿਰ ਜਾਣ ਦੇ ਬੜੇ ਹੀ ਚਾਨਸ (ਅਉਸਰ) ਨੀ, ਆਪਣੇ ਬਚਾਅ ਲਈ ਬੜਾ ਸੰਭਲ ਕੇ ਚੱਲਣ ਦੀ ਲੋੜ ਹੈ (ਜ਼ਿੰਦਗੀ ਬੀਤਦੀ ਜਾ ਰਹੀ ਊ, ਇਸ ਲਈ) ਇਸ ਮਾਰਗ ਦੀ ਵੇਲੇ ਸਿਰ (ਹੁਣੇ) ਹੀ ਸੰਭਾਲ ਕਰ ਲੈ। ਯਥਾ: ਵਾਟ ਹਮਾਰੀ ਖਰੀ ਉਡੀਣੀ ॥ ਖੰਨਿਅਹੁ ਤਿਖੀ ਬਹੁਤੁ ਪਿਈਣੀ ॥ ਉਸੁ ਊਪਰਿ ਹੈ ਮਾਰਗੁ ਮੇਰਾ ॥ ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ (੭੯੭)॥" ਇਹ ਤੁਕਾਂ ਗੁਰਮਤਿ-ਮਾਰਗ ਦੀ ਕਰੜਾਈ, ਇਸ ਦੀ ਲੋੜ, ਵੇਲੇ ਸਿਰ (ਹੁਣੇ ਹੀ) ਇਸ ਦੀ ਸੰਭਾਲ ਅਤੇ ਇਸ ਤੋਂ ਗਿਰ ਸਕਣ ਦੀ ਸੰਭਾਵਨਾ ਸੰਬੰਧੀ ਸਾਨੂੰ ਚੌਕਸ ਕਰਦੀਆਂ ਹਨ। ਜੇ ਮਾਰਗ ਤੋਂ ਬਾਰ ਬਾਰ ਗਿਰ ਕੇ ਮੁੜ ਮੁੜ ਸੰਭਲ ਸਕੀਦਾ ਹੋਵੇ ਤਦ ਤਾਂ ਇਹ ਮਾਰਗ ਬੱਚਿਆਂ ਦਾ ਖੇਲ ਹੋ ਗਿਆ ਅਤੇ ਇਸ ਤੋਂ ਗਿਰਨ ਬਾਅਦ ਠਾਹਰ ਹੀ ਠਾਹਰ ਹੈ। "ਠਾਹਰ ਨਾਹਿ" ਵਾਲੀ ਤਾਂ ਗੱਲ ਹੀ ਨਾ ਰਹੀ।

ਇਸ ਲੇਖ ਦੇ ਸੰਬੰਧ ਵਿਚ, ਭਾਈ ਜੋਗਾ ਸਿੰਘ ਜੀ ਦੀ ਇਤਿਹਾਸਕ ਸਾਖੀ ਬਹੁਤ ਹੀ ਢੁਕਵੀਂ ਹੈ। ਭਾਈ ਜੋਗਾ ਸਿੰਘ ਜੀ ਨੂੰ ਵੇਸ਼ਵਾ ਦੇ ਕੁ-ਸੰਗ ਤੋਂ ਬਚਾਉਣ ਦੀ ਖ਼ਾਤਰ ਕਲਗੀਧਰ ਪਾਤਸ਼ਾਹ ਜੀ ਨੇ ਵੇਸ਼ਵਾ ਦੇ ਦਰਵਾਜੇ ਤੇ ਪਹਿਰੇਦਾਰ ਦੀ ਡਿਊਟੀ ਦਿੱਤੀ। ਦੋ ਤਿੰਨ ਵਾਰ ਤਾਂ, ਪਹਿਰੇਦਾਰ ਨੂੰ ਖਲੋਤਾ ਦੇਖ ਕੇ ਭਾਈ ਜੋਗਾ ਸਿੰਘ ਹੁਰੀਂ ਰਾਤ ਦੇ ਅੰਧੇਰੇ ਵਿਚ, ਦੂਰੋਂ ਹੀ ਵਾਪਸ ਪਰਤ ਜਾਂਦੇ ਰਹੇ। ਚੌਥੇ ਕੁ ਚੱਕਰ ਵਿਚ ਮੁੜ ਆਉਂਦਿਆਂ ਨੂੰ ਤੱਕ ਕੇ ਪਹਿਰੇਦਾਰ ਨੇ ਗੱਜ ਕੇ ਕਿਹਾ, "ਤੂੰ ਕੌਣ ਹੈਂ—ਕੋਈ ਚੋਰ ਚੱਕਾਰ, ਜੋ ਰਾਤ ਐਸ ਵੇਲੇ ਲੋਕਾਂ ਦੇ ਘਰ ਤਾੜਦਾ ਫਿਰਦਾ ਹੈਂ ? ਦੇਖਣ ਨੂੰ ਤੂੰ ਕੋਈ ਗੁਰਸਿੱਖ ਨਜ਼ਰ ਆ ਰਿਹਾ ਹੈਂ, ਪਰ ਤੇਰਾ ਇਹ ਕਰਤੱਵ ਸਿਖਾਂ ਵਾਲਾ ਨਹੀਂ ਹੈ।" ਇਤ ਆਦਿ ਕੁਝ ਬਚਨ ਕਹੇ। ਇਹ ਸੁਣਨ ਨਾਲ ਹੀ ਭਾਈ ਜੋਗਾ ਸਿੰਘ ਹੁਰਾਂ ਦੇ ਹੋਸ਼-ਹਵਾਸ ਟਿਕਾਣੇ ਆ ਗਏ, ਅਤੇ ਉਹ ਤੜਕਸਾਰ ਸ੍ਰੀ ਅਨੰਦਪੁਰ ਸਾਹਿਬ ਦੇ ਰਾਹ ਪੈ ਗਏ।

ਏਥੇ ਸਵਾਲ ਉੱਠਦਾ ਹੈ ਕਿ, ਗੁਰੂ ਸਾਹਿਬ ਜੀ (ਸਿੱਖ ਪੰਥ ਦੇ ਵਾਲੀ ਅਤੇ ਮਾਲੀ) ਕਰਨ ਕਾਰਨ ਸਮਰੱਥ ਸਨ। ਉਨ੍ਹਾਂ ਨੂੰ ਕੀ ਲੋੜ ਪਈ ਸੀ ਇਤਨੀ ਖੇਚਲ ਕਰਕੇ ਵੇਸ਼ਵਾ ਦੇ ਦਰਵਾਜ਼ੇ ਮੂਹਰੇ ਚੌਕੀਦਾਰੀ ਕਰਨ ਦੀ ? ਕੀ, ਉਹ ਜੋਗਾ ਸਿੰਘ ਹੁਰਾਂ ਨੂੰ ਪਤਿਤ ਹੋਣ ਉਪਰੰਤ ਤਨਖ਼ਾਹ ਲਾ ਕੇ ਮੁੜ ਅੰਮ੍ਰਿਤ ਛਕਾ ਕੇ ਬਖਸ਼ ਨਹੀਂ ਸਨ ਸਕਦੇ ? ਜ਼ਰੂਰ ਬਖਸ਼ ਸਕਦੇ ਸਨ। ਜੇ ਗੁਰੂ ਸਾਹਿਬ ਜੀ ਨੇ ਸਿੱਖੀ ਮਾਰਗ ਵਿਚ ਪਤਿਤ ਹੋ ਜਾਣ ਵਾਲੇ ਸਿੰਘਾਂ ਸਿੰਘਣੀਆਂ ਦੇ ਬਚਾਅ ਲਈ ਕੋਈ (Provi ion) ਗੁੰਜਾਇਸ਼ ਰੱਖਣੀ ਹੁੰਦੀ ਤਾਂ ਗੁਰੂ ਸਾਹਿਬ ਜੀ, ਭਾਈ ਜੋਗਾ ਸਿੰਘ ਹੁਰਾਂ ਨੂੰ ਪਤਿਤ ਹੋ ਜਾਣ ਦੇਂਦੇ, ਅਤੇ ਬਾਅਦ ਵਿਚ ਉਨ੍ਹਾਂ ਦੀ ਪੇਸ਼ੀ ਕਰਾ ਕੇ, ਉਨ੍ਹਾਂ ਦੇ ਪਾਪ ਦੀ ਕੋਈ ਯੋਗ ਤਨਖ਼ਾਹ ਲਗਾ ਕੇ ਉਨ੍ਹਾਂ ਨੂੰ ਮੁੜ ਅੰਮ੍ਰਿਤ ਛਕਾ ਕੇ ਬਖਸ਼ ਦੇਂਦੇ। ਗੁਰੂ ਸਾਹਿਬ ਜੀ ਅਜਿਹਾ ਕਰ ਸਕਣ ਦੇ ਸਮਰੱਥ ਸਨ, ਪਰ ਉਨ੍ਹਾਂ ਅਜਿਹਾ ਨਾ ਕੀਤਾ, ਸਗੋਂ ਸਿਖ ਨੂੰ ਪਤਿਤ ਹੋਣ ਤੋਂ ਵਰਜ ਦਿਤਾ।

ਇਸ ਸਾਖੀ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਆਪਣੇ ਸਿਖਾਂ ਨੂੰ ਨੀਚ ਕਰਮ ਕਰਨ ਦੀ ਖੁਲ੍ਹ ਨਹੀਂ ਦੇਂਦੇ, ਪਾਪਾਂ ਵਿਚ ਪਰਵਿਰਤ ਹੋਣ ਤੋਂ ਰੋਕਦੇ ਹਨ। ਉਹ ਆਪਣੇ ਸਿਖਾਂ ਨੂੰ ਕਲੰਕਤ ਹੋਣ ਤੋਂ ਹੋੜਦੇ ਹਨ। ਤਾਹੀਓਂ ਹੀ ਗੁਰੂ ਸਾਹਿਬ ਜੀ ਨੇ, ਬਚਨ-ਬੱਧ ਹੋ ਕੇ ਭਾਈ ਜੋਗਾ ਦੀ ਰਾਖੀ ਕਰਦਿਆਂ ਹੋਇਆਂ ਉਸ ਨੂੰ ਸਿਖੀ ਮਾਰਗ ਤੋਂ ਗਿਰਨ ਨਹੀਂ ਸੀ ਦਿਤਾ, ਬੇਸ਼ਕ ਉਨ੍ਹਾਂ ਨੂੰ ਬਜ਼ਾਤਿ-ਖ਼ੁਦ ਵੇਸ਼ਵਾ ਦੇ ਦਰ ਤੇ ਹੀ ਪਹਿਰਾ ਦੇਣਾ ਪਿਆ।

ਇਸ ਕੌਤਕ ਤੋਂ ਇਹ ਗੱਲ ਵੀ ਨਿਰਣਤ ਹੁੰਦੀ ਹੈ ਕਿ ਗਿਰੇ ਤ ਠਾਹਰ ਨਾਹਿ। ਜੇ ਪਤਿਤ ਹੋ ਹੋ ਕੇ ਵੀ ਸਿਖ ਦੀ ਸਿੱਖੀ ਮੁੜ ਮੁੜ ਬਹਾਲ ਕੀਤੀ ਜਾ ਸਕਦੀ ਹੈ ਤਾਂ ਸਿਖੀ ਮਾਰਗ ਇਖ਼ਤਿਆਰ ਕਰਨ ਵਿਚ ਤਕਲੀਫ਼



www.AKJ.Org

ਹੀ ਕਿਸ ਬਾਤ ਦੀ ਹੈ ? ਅਤੇ ਫਿਰ ਸਿੱਖ ਨੂੰ ਕੋਈ ਕੁ-ਕਰਮ ਕਰਨ ਤੋਂ ਹਿਚਕਚਾਹਟ ਭੀ ਕਿਉਂ ਹੋਵੇ ? ਅਜਿਹੇ ਸਿੱਖ ਦੇ ਇਖ਼ਲਾਕ ਦਾ ਫਿਰ ਭਰੋਸਾ ਹੀ ਕੀ ਰਹਿ ਗਿਆ ? ਪਰਾਏ ਧਨ ਦੀ ਰਾਖੀ ਅਤੇ ਕਿਸੇ ਦੀ ਧੀ ਭੈਣ ਦੀ ਇਜ਼ਤ ਦੀ ਹਿਫਾਜ਼ਤ ਬਾਰੇ, ਫਿਰ, ਕਿਸੇ ਸਿੱਖ ਦਾ ਇਤਬਾਰ ਹੀ ਕਿੱਥੇ ਰਹਿ ਗਿਆ ? ਅਜਿਹੇ ਇਤਬਾਰ-ਹੀਣ ਅਖੌਤੀ ਸਿੱਖਾਂ ਖੁਣੋਂ ਥੁੜਿਆ ਹੀ ਕੀ ਪਿਆ ਹੈ ? ਗੁਰੂ ਜੀ ਨੇ ੨੪੦ ਬਰਸ ਲਾ ਕੇ ਇਤਬਾਰ-ਹੀਣ ਖਾਲਸਾ ਨਹੀਂ ਸੀ ਤਿਆਰ ਕੀਤਾ।

ਗੁਰਬਾਣੀ ਅਤੇ ਇਤਿਹਾਸ ਤੋਂ ਇਹੋ ਸਿੱਧ ਹੁੰਦਾ ਹੈ ਕਿ ਇਕ ਵੇਰ ਖਾਲਸਾ ਸਜ ਕੇ, ਸਿੱਖ ਨੂੰ ਗੁਰੂ ਸਾਹਿਬ ਜੀ ਵੱਲੋਂ, **ਖਾਲਸ** ਹੀ ਰਹੀ ਜਾਣ ਦਾ ਤਾਕੀਦੀ ਹੁਕਮ ਹੈ। ਕੁ-ਰਹਿਤ ਕਰਨੀ ਗੁਰੂ ਜੀ ਨੂੰ ਭਾਉਂਦੀ ਨਹੀਂ। ਬਿਬ਼ਰਜਤ ਕਰਮਾਂ ਨੂੰ ਨਾ ਕਰਨ ਬਾਰੇ, ਗੁਰਬਾਣੀ ਰਾਹੀਂ ਕਰੜਾਈ ਭਰਪੂਰ, ਠੋਸ ਅਗਵਾਈ, ਇਸ ਪ੍ਰਕਾਰ ਮਿਲਦੀ ਹੈ :—ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ" (੧੪੧) ॥ ਮੁਸਲਮਾਨ ਅਤੇ ਹਿੰਦੂ ਲਈ ਕਰਮਵਾਰ ਸੂਰ ਅਤੇ ਗਊ ਦਾ ਮਾਸ ਖਾਣਾ ਮਨਾਹ ਹੈ। ਇਨ੍ਹਾਂ ਦੋਹਾਂ ਸ਼੍ਰੇਣੀਆਂ ਦੇ ਪੁਰਸ਼ਾਂ ਦੀ ਜਾਨ ਤਾਂ ਭਾਵੇਂ ਜਾਏ ਪਰ ਇਹ ਆਪੋ ਆਪਣੇ ਬਿਬਰਜਤ ਮਾਸ ਨੂੰ ਮੂੰਹ ਨਹੀਂ ਲਾਂਦੇ। ਇਸ 'ਪਰਥਾਇ-ਮਿਸਾਲ' ਤੋਂ ਅੰਮ੍ਰਿਤਧਾਰੀ ਸਿੱਖ ਨੂੰ ਇਹੀ ਅਗਵਾਈ ਮਿਲਦੀ ਹੈ ਕਿ ਸਿੱਖ ਨੇ ਕੋਈ ਬਿਬਰਜਤ ਕੰਮ ਕਰਨਾ ਹੀ ਨਹੀਂ। ਵਰਨਾ ਗੁਰੂ ਜੀ ਉਸ ਸਿੱਖ ਦੀ ਹਾਮਾ ਨਹੀਂ ਭਰਨਗੇ (ਮਦਦ ਨਹੀਂ ਕਰਨਗੇ)। ਉਪਰਲੀ ਤੁਕ ਤੋਂ ਇਹ ਅਗਵਾਈ ਨਹੀਂ ਮਿਲਦੀ ਕਿ ਬਿਬਰਜਤ ਮਾਸ ਅਤੇ ਪਰਾਇਆ ਹੱਕ ਖਾ ਲੈਣ ਵਾਲੇ ਦਾ ਸੁਧਾਰ ਕਿਵੇਂ ਕਰਨਾ ਹੈ। ਇਹ ਦੋ-ਟੁਕ ਗੱਲ ਹੈ ਕਿ ਬਿਬਰਜਤ ਕੰਮ ਕਰਨਾ ਹੀ ਨਹੀਂ। ਬੱਸ।

ਗਹੁ ਨਾਲ ਗਹਿ ਕਰਨ ਵਾਲੀ ਗੱਲ ਇਹ ਹੈ ਕਿ ਸਿਖ ਧਰਮ ਵਿਚ ਪਤਿਤ ਕਰਮ ਕਰਨਾ ਹੀ ਨਹੀਂ। ਨਾ ਕਿ, ਕਰਨ ਪਿੱਛੋਂ ਉਸ ਦਾ ਸੁਧਾਰ ਲੱਭਣਾ ਹੈ। ਏਸੇ ਲਈ ਹੀ ਗੁਰਮਤਿ ਮਾਰਗ ਚਲਾਉਣ ਵਾਲੇ ਮਹਾਂਪੁਰਖ ਨੇ ਭਾਈ ਜੋਗਾ ਸਿੰਘ ਹੁਰਾਂ ਨੂੰ ਪਤਿਤ ਕਰਮ ਕਰਨ ਹੀ ਨਹੀਂ ਸੀ ਦਿੱਤਾ। ਗੁਰਮਤਿ-ਮਾਰਗ ਵਿਚ ਪਤਿਤ ਕਰਮ ਦੇ ਹੋ ਸੱਕਣ ਦੀ ਸੰਭਵਨਾ ਖਾਰਜ ਹੈ (Ruled out ਹੈ)। ਇਹ ਪੂਰੇ ਗੁਰੂ ਦੀ ਵਡਿਆਈ ਹੈ ਕਿ ਉਸ ਨੇ ਸਿੱਖ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ, ਸਿਖ ਦੇ ਇਸ ਜਨਮ ਅਤੇ ਪਿਛਲਿਆਂ ਜਨਮਾਂ ਦੇ ਪਤਿਤ ਕਰਮਾਂ ਨੂੰ ਮਲੀਆਮੇਟ ਕਰਕੇ, ਸਿਖ ਨੂੰ ਪਤਿਤ ਤੋਂ ਪਾਵਨ ਕਰਕੇ ਆਪਣੇ ਪਵਿੱਤਰ ਰੂਪ ਨਾਲ ਰਲਾ ਲਿਆ ਹੈ। ਬੇ-ਦਾਗ ਗੁਰੂ ਦੇ ਸਿੱਖ ਦਾ ਜੀਵਨ ਭੀ, ਗੁਰੂ ਵੱਤ, ਬੇਗ-ਦਾਗ ਹੋਣਾ ਲੋੜੀਦਾ ਹੈ। ਬੇ-ਦਾਗ ਸਿੱਖ ਹੀ, ਕਲਗੀਧਰ ਪਾਤਸ਼ਾਹ ਜੀ ਦਾ ਖਾਸ ਰੂਪ ਕਹਿਲਾਅ ਸਕਦਾ ਹੈ। "ਪਰਤ੍ਰਿਅ ਰਾਵਣਿ ਜਾਹਿ ਸੇਈ ਤਾਲਾਜੀਅਹਿ"—(੧੩੬੨)। 'ਤਾਲਾਜੀਅਹਿ' ਦਾ ਭਾਵ ਸਿੱਖੀ ਵਿੱਚੋਂ ਤਲਾਂਜਲੀ (ਖ਼ਾਰਜ) ਹੈ। ਇਸ ਤੋਂ ਵੱਧ ਹੋਰ ਸਪੱਸ਼ਟਤਾ ਦੀ ਕੀ ਲੋੜ ਹੈ ?

ਗੁਰੂ ਸਾਹਿਬ ਜੀ ਗੁਰਸਿਖ ਨੂੰ, ਗੁਰਮਤਿ ਮਾਰਗ ਉਤੇ ਟਿਕੇ ਰਹਿਣ ਸੰਬੰਧੀ, ਸੰਬੋਧਨ ਕਰਕੇ ਕਹਿ ਰਹੇ ਹਨ ਕਿ ਜੇ "ਆਪਣਾ ਭਾਣਾ ਤੁਮ ਕਰਹੁ ਤਾ ਫਿਰਿ ਸਹ ਖੁਸੀ ਨ ਆਵਏ ॥" (੪੪੦) ਭਾਵ ਕਿ ਮਨ ਦੇ ਪਿੱਛੇ ਲੱਗਣ ਵਾਲੇ ਸਿੱਖ ਨੂੰ ਗੁਰੂ ਸਾਹਿਬ ਜੀ ਦੀ ਖੁਸ਼ੀ ਪ੍ਰਾਪਤ ਨਹੀਂ ਹੋ ਸਕਦੀ। ਗੁਰੂ ਜੀ ਚਾਹੁੰਦੇ ਹਨ ਕਿ ਸਿੱਖ ਮਨ-ਆਈਆਂ ਨਾ ਕਰਦਾ ਫਿਰੇ। ਆਪਣੇ ਭਾਣੇ ਵਿਚ ਵਿਚਰਦਾ ਹੋਇਆ ਹੀ ਤਾਂ ਸਿੱਖ ਕੁ-ਰਹਿਤਾਂ ਕਰਦਾ ਹੈ। ਅਤੇ ਅਜਿਹਾ ਕਰਦਾ ਹੋਇਆ ਗੁਰ-ਪ੍ਰਮੇਸ਼ਰ ਦੀ ਖੁਸ਼ੀ ਤੋਂ ਹਮੇਸ਼ਾ ਲਈ ਵਾਂਝਿਆ ਰਹਿ ਜਾਂਦਾ ਹੈ। 'ਖਾਲਸਾ' ਨਾਮ ਹੀ ਐਸਾ ਚੁਣਿਆ ਗਿਆ ਹੈ ਕਿ ਇਸ ਵਿਚ ਅ-ਖਾਲਸ ਸ਼ਾਮਲ ਹੀ ਨਹੀਂ ਹੋ ਸਕਦਾ। ਜੇ ਕੋਈ ਪਰਾਣੀ ਖਾਲਸਾ ਸਜ ਕੇ ਅਖੀਰਲੇ ਸਵਾਸਾਂ ਤੱਕ ਖਾਲਸਾ ਹੀ ਸਜਿਆ ਰਹੇ ਤਾਂ ਉਸ ਦੀ ਕਦਰੋ ਕੀਮਤ ਬਾਰੇ ਗੁਰੂ ਸਾਹਿਬ ਜੀ, ਕਬੀਰ ਜੀ ਰਾਹੀਂ ਕਹਿ ਰਹੇ ਹਨ ਕਿ, "ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ ॥ ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ ॥" (੧੩੭੨) ਫਿਰ ਤਾਂ ਸਿੱਖ ਦਾ ਕਹਿਣਾ ਹੀ ਕਿਆ ਹੈ ! ਅਜਿਹੇ ਸਿੱਖ ਨੂੰ ਅਨਿਕ ਬਾਰ ਸ਼ਾਬਾਸ਼ ਹੈ। ਅਜਿਹਾ ਸਿੱਖ ਪੂਰੇ ਇਤਬਾਰ ਵਾਲਾ ਰਾਠ ਹੈ।

ਇਸ ਲੇਖ ਦਾ ਨਿਚੋੜ ਇਹ ਨਿਕਲਿਆ ਕਿ ਅੰਮ੍ਰਿਤਧਾਰੀ ਵਿਅਕਤੀ ਲਈ, ਕਲਗੀਧਰ ਪਾਤਸ਼ਾਹ ਜੀ ਦਾ



www.AKJ.Org

'ਖਾਸ ਰੂਪ' ਕਹਿਲਾਅ ਸੱਕਣ ਦੀ ਨੇੜਤਾ ਦਾ ਲਾਗਾ ਛਾਗਾ ਤਾਂ ਹੀ ਨਸੀਬ ਹੋ ਸਕਦਾ ਹੈ ਜੇ ਸਿੱਖ ਸਭ ਕੁ-ਰਹਿਤਾਂ ਨੂੰ ਆਪਣੇ ਲਈ ਉਮਰ ਪਰਯੰਤ ਬਿਬਰਜਤ ਹੀ ਰੱਖੇ। ਹਾਂ, ਗੁਰੂ ਸਾਹਿਬ ਜੀ ਦੀ ਪੂਰਨ ਬਖਸ਼ਿਸ਼ ਤੋਂ ਬਿਨਾ ਅਜਿਹਾ ਹੋਣਾ ਸੰਭਵ ਨਹੀਂ ਹੈ। ਸਿੱਖ ਵਿਚਾਰੇ ਦੇ ਕੁਝ ਵੱਸ ਨਹੀਂ ਹੈ। ਗੁਰੂ ਜੀ ਦੀ ਕਿਰਪਾ ਦੇ ਸਿਰ ਸਦਕੇ ਹੀ ਸਿੱਖੀ ਨਿਭ ਸਕਦੀ ਹੈ, ਐਵੇਂ ਨਹੀਂ। ਇਥੇ ਗਰਬ ਜਾਂ ਅਹੰਕਾਰ ਕਰਨ ਦੀ ਕੋਈ ਥਾਂ ਨਹੀਂ, ਕਿਉਂਕਿ "ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ (੧੩੬੬)॥" ਜੋਦੜੀ ਹੈ, ਸਤਿਗੁਰੂ ਜੀ ਆਪਣੀ ਬਖਸ਼ਸ਼ ਕਰਨ ਅਤੇ ਆਪਣੇ ਤਰਸ ਵਿਚ ਹੀ ਆਪਣੇ ਖਾਲਸੇ ਨੂੰ ਨਖਾਲਸ ਰਖਣ ਵਿਚ ਸਦਾ ਸਹਾਈ ਹੋਣ ਅਤੇ ਕਿਸੇ ਖਾਲਸੇ ਨੂੰ ਵੀ ਪਤਿਤ ਕਰਮ ਵਿਚ ਪਰਵਿਰਤ ਨਾ ਹੋਣ ਦੇਣ ਅਤੇ ਨਾ ਹੀ ਮੁੜ ਮੁੜ ਅੰਮ੍ਰਿਤ ਛਕਣ ਦੀ ਲੋੜ ਪੈਂਦੀ ਰਹੇ।

ਸੰਪਾਦਕੀ ਨੋਟ—ਭਾਈ ਸਾਹਿਬ ਜੀ ਦੇ ਉਪਰੋਕਤ ਲੇਖ ਵਿਚ, ਸੰਗੀ ਸਾਥੀ ਗੁਰਸਿਖ ਵੀਰਾਂ ਦੀ ਰਾਏ ਨਾਲ ਕੁਝ ਸ਼ਬਦਾਂ ਦੇ ਬਦਲਣ ਦੀ ਹਮਾਕਤ ਕੀਤੀ ਗਈ ਹੈ, ਜਿਸ ਲਈ ਖਿਮਾ ਦੇ ਜਾਚਕ ਹਾਂ।

---

# ਸ਼ਸਤਰ ਬਾਝ ਸ਼ਊਰ ਨਾ ਜੀਣ ਦਾ ਏ

[ਵਲੋਂ :—ਗਿ: ਗੋਪਾਲ ਸਿੰਘ ਜੀ 'ਮਿੱਤਰ' ਮਅਲਬ ਜ਼ਿਲਾ ਗੁੜਗਾਉਂ]

ਘਲੂਘਾਰੇ ਨਵੰਬਰ ਦੇ ਵਿਚ ਡਿੱਠੇ, ਇਕ ਗੱਲ ਖੁਲ੍ਹ ਕੇ ਸਾਹਮਣੇ ਆ ਗਈ ਏ।
ਚੂਹੜੇ ਚਾਮਰਾਂ ਅਤੇ ਮਰਾਸੀਆਂ ਤੋਂ, ਕੌਮ ਬਿਨਾਂ ਸ਼ਸਤਰ ਮਾਰ ਖਾ ਗਈ ਏ।
ਜਿੱਥੇ ਇਕ ਵੀ ਸਿੰਘ ਨੇ ਸ਼ਸਤਰ ਫੜਿਐ, ਕੁੰਬਾ ਓਸ ਨੇ ਸਾਰਾ ਬਚਾ ਲਿਆ ਏ।
ਜਿਨ੍ਹਾਂ ਜ਼ਾਲਮਾਂ ਦੇ ਅੱਗੇ ਹੱਥ ਜੋੜੇ, ਉਨ੍ਹਾਂ ਸਾਰਾ ਪਰਵਾਰ ਮਰਵਾ ਲਿਆ ਏ।
ਇਹ ਵੀ ਮੰਨਿਆ ਜਿਨ੍ਹਾਂ ਨੇ ਸ਼ਸਤਰ ਵਾਹੇ, ਉਹ ਵੀ ਸਿੰਘ ਗੁਰਪੁਰੀ ਸਿਧਾ ਗਏ ਨੇ।
ਐਪਰ ਇਹ ਵੀ ਨਜ਼ਾਰੇ ਸੰਸਾਰ ਡਿੱਠੇ, ਘਤ ਵੈਰੀਆਂ ਦੇ ਪਿਟਣੇ ਪਾ ਗਏ ਨੇ।
ਘਰੀਂ ਜਿਨ੍ਹਾਂ ਦੇ ਲਭਿਆ ਨਾ ਕੋਈ ਸ਼ਸਤਰ, ਮਾਲ ਉਨ੍ਹਾਂ ਦੇ ਲੁੱਟੇ ਤੇ ਮਾਰ ਸੁੱਟੇ।
ਕਈਆਂ ਜਾਨਾਂ ਬਚਾਈਆਂ ਪਤਿਤ ਹੋ ਕੇ, ਧਨ ਧਰਮ ਦੋਵੇਂ ਹੱਥੀਂ ਹਾਰ ਸੁੱਟੇ।
ਸ਼ਸਤਰ ਸਿੰਘ ਦੇ ਹੱਥ ਵਿਚ ਹੋਏ ਜੇਕਰ, ਸ਼ੇਰ ਵਾਂਗ ਉਹ ਸਿੱਧਾ ਪ੍ਰਹਾਰ ਕਰਦੈ।
ਉਹਦੇ ਤੇਜ ਪ੍ਰਚੰਡ ਨੂੰ ਕੌਣ ਠੱਲ੍ਹੇ, ਸ਼ਿਕਰੇ ਵਾਂਗ ਉਹ ਝਪਟ ਕੇ ਵਾਰ ਕਰਦੈ।
ਸ਼ਸਤਰ ਜ਼ਾਮਨ ਸਰੀਰ ਦੀ ਰੱਖਿਆ ਦਾ, ਬੰਦਾ ਆਪਣਾ ਆਪ ਬਚਾ ਲੈਂਦੈ।
ਯਰਕ ਜਾਂਵਦਾ ਏ ਵੈਰੀ ਵੇਖ ਸ਼ਸਤਰ ਅੜਨ ਕੋਲੋਂ ਉਹ ਕੰਨੀ ਕਤਰਾ ਲੈਂਦੈ।
ਸ਼ਸਤਰਹੀਣ ਹੈ ਵਾਂਗਤਾਂ ਭੇਡ ਬੱਕਰੀ, ਮਰਜ਼ੀ ਚਾਹੇ ਜੋ ਧੌਣ ਮਰੋੜ ਸੁੱਟੇ।
ਕੂਣਾ ਨਹੀਂ ਅਗੋਂ ਬੇ-ਜ਼ਬਾਨ ਵਾਂਗੂੰ, ਮਾਰ ਮਾਰ ਕੇ ਹੱਡੀਆਂ ਤੋੜ ਸੁੱਟੇ।
ਕਲਗੀ ਵਾਲੇ ਨਹੀਂ ਐਵੇਂ ਦਲੇਰ ਕੀਤਾ, ਰੱਗ ਰੱਗ ਵਿਚ ਚਾੜ੍ਹੀ ਏ ਪਾਣ ਉਸ ਨੇ।
'ਸ਼ਸਤਰ ਬਾਝ ਸ਼ਊਰ ਨਾ ਜੀਣ ਦਾ ਏ', ਐਵੇਂ ਲਿਖੇ ਨਹੀਂ ਥਾਂ ਥਾਂ ਫੁਰਮਾਨ ਉਸ ਨੇ।
ਸ਼ਸਤਰ ਹੱਥ ਵਿਚ ਰਹੇ ਜੇ ਖ਼ਾਲਸੇ ਦੇ, ਕਿਸੇ ਕੋਲੋਂ ਵੀ ਮਾਰ ਨਹੀਂ ਖਾ ਸਕਦਾ।
ਦੁਨੀਆ ਵਿਚ 'ਮਿੱਤਰ' ਨੀਤੀਵਾਨ ਕੋਈ, ਏਸ ਤੱਥ ਨੂੰ ਨਹੀਂ ਝੁਟਲਾ ਸਕਦਾ।
ਹਰ ਇਕ ਸਿੰਘ ਬਣ ਜਾਏ ਜੇ ਸ਼ਸਤਰ-ਧਾਰੀ, ਖੰਡੇ-ਧਾਰ ਪਾਹੁਲ ਦਾ ਪਿਆਕ ਬਣ ਕੇ।
ਤੋੜ ਸੁੱਟੇਗਾ ਜ਼ੁਲਮ ਦੇ ਖ਼ੰਜਰਾਂ ਨੂੰ, ਕੋਈ ਵਧੂ ਨਾ ਇੰਜ ਸੱਫਾਕ[1] ਬਣ ਕੇ।

---

੧ ਹਤਿਆਰਾ।



www.AKJ.Org

# ਮਹਾਂ ਪ੍ਰਸ਼ਾਦ

[ਵਲੋਂ—ਜੇ. ਪੀ. ਸੰਗਤ ਸਿੰਘ ਜੀ, ਬੰਬੇ]

ਸਾਨੂੰ ਇਕ ਪਾਠਕ ਨੇ ਕਵੈਤ (ਅਰਬ ਦੇਸ਼) ਤੋਂ ਇਕ ਰਸਾਲੇ ਦੀ ਕਟਿੰਗ ਭੇਜੀ ਹੈ, ਜਿਸ ਵਿਚ ਗੁਰੂ ਨਾਨਕ ਦੇਵ ਜੀ ਦੇ ਕੁਰਕਸ਼ੇਤਰ ਵਿਖੇ ਮਾਸ ਰਿੰਨ੍ਹਣ ਦੀ ਸਾਖੀ ਦਾ ਜ਼ਿਕਰ ਕਰਕੇ, ਉਥੇ ਉਚਾਰੀ ਬਾਣੀ "ਮਾਸੁ ਮਾਸੁ ਕਰਿ ਮੂਰਖੁ ਝਗੜੇ" ਸ਼ਬਦ ਦੀ ਟੂਕ ਦੇ ਕੇ ਨਿਰਣਾ ਕੀਤਾ ਹੈ ਕਿ **"ਪਖੰਡੀ ਤੇ ਵਹਿਮੀ ਲੋਕ ਮਾਸ ਨਹੀਂ ਖਾਂਦੇ ਤੇ ਮਾਸ ਕੋਲੋਂ ਇਨ੍ਹਾਂ ਨੂੰ ਬੋ ਆਉਂਦੀ ਹੈ।"** ਫਿਰ ਅਗਲੇ ਪੈਰੇ ਵਿਚ ਇਹ ਵੀ ਇਸ਼ਾਰਾ ਦਿਤਾ ਹੈ ਕਿ **"ਪੁਰਾਤਨ ਸਿੰਘ ਮਾਸ ਨੂੰ ਮਾਹ ਪ੍ਰਸ਼ਾਦ ਕਿਹਾ ਕਰਦੇ ਸੀ।"**

ਅਸੀਂ ਇਸ ਸੰਬੰਧ ਵਿਚ ਸੂਰਾ ਵਿਚ ਅਗੇ ਲਗਾਤਾਰ ਅਨੇਕਾਂ ਲੇਖ ਦੇ ਚੁਕੇ ਹਾਂ। ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਨੇ **"ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣਯ"** ਪੁਸਤਕ ਵਿਚ ਗੁਰਬਾਣੀ ਵਿਚਲੇ ਉਪਰੋਕਤ ਸ਼ਬਦ ਅਤੇ ਹੋਰ ਅਨੇਕਾਂ ਸ਼ਬਦਾਂ ਦੀ ਵਿਆਖਿਆ ਕਰਕੇ ਅਤੇ ਇਤਿਹਾਸਕ ਸਾਖੀਆਂ ਦੀ ਪੁਣ ਛਾਣ ਕਰਕੇ ਅਸਲੀਅਤ ਨੂੰ ਉਘਾੜਿਆ ਹੋਇਆ ਹੈ। ਇਸ ਪੁਸਤਕ ਨੂੰ ਪੜ੍ਹ ਕੇ ਪਤਾ ਲਗ ਜਾਂਦਾ ਹੈ ਕਿ ਮਾਸ ਖਾਣਾ ਨਿਰੋਲ ਮਨਮਤਿ ਹੈ।

ਇਸੇ ਤਰ੍ਹਾਂ ਜੇ.ਪੀ. ਸੰਗਤ ਸਿੰਘ ਜੀ ਬੰਬੇ ਨੇ ਆਪਣੀ ਪੁਸਤਕ "ਸਿਖ ਧਰਮ ਤੇ ਮਾਸ ਸ਼ਰਾਬ" ਵਿਚ ਮਾਸ ਖਾਣ ਵਾਲਿਆਂ ਨੂੰ ਨਿਰੁੱਤਰ ਕਰਨ ਲਈ ਬੇਅੰਤ ਸਮਿਗਰੀ ਦਿਤੀ ਹੈ। ਇਸ ਪੁਸਤਕ ਦੇ ਸਾਰੇ ਲੇਖ 'ਸੂਰਾ' ਪਤਰ ਵਿਚ ਕਿਸ਼ਤਵਾਰ ਛਪਦੇ ਰਹੇ ਹਨ।

'ਸੂਰਾ' ਮਾਸਕ ਪਤਰ ਨੇ ਕੁਠਾ ਮਾਸ ਅਥਵਾ ਝਟਕਾ ਮਾਸ ਬਾਰੇ ਇਕ ੬੪ ਸਫਿਆਂ ਦਾ ਟ੍ਰੈਕਟ "ਤਉ ਕਿਉ ਮੁਰਗੀ ਮਾਰੈ" ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਵਾਲਿਆਂ ਦਾ ਛਾਪਿਆ ਹੈ, ਜੋ ਇਤਿਹਾਸਕ ਤੇ ਗੁਰਬਾਣੀ ਦੇ ਹਵਾਲਿਆਂ ਨਾਲ ਹਰ ਤਰ੍ਹਾਂ ਦੀਆਂ ਚੂਚਰਾਂ ਦਾ ਢੁਕਵਾਂ ਜਵਾਬ ਹੈ। ਸਿਖ ਸੰਗਤਾਂ ਨੇ ਇਸਨੂੰ ਇਤਨਾ ਪਸੰਦ ਕੀਤਾ ਹੈ ਕਿ ਥੋੜੇ ਸਮੇਂ ਵਿਚ ਹੀ ਇਹ ਦਸ ਹਜ਼ਾਰ ਤੋਂ ਵਧ ਗਿਣਤੀ ਵਿਚ ਸਿਖ ਸੰਗਤਾਂ ਪਾਸ ਜਾ ਚੁਕਾ ਹੈ।

ਕਿਸੇ ਇਕ ਛੋਟੇ ਮੋਟੇ ਲੇਖ ਦੁਆਰਾ ਇਹ ਮਸਲਾ ਚੂਚਰਬਾਜ਼ਾਂ ਦੀ ਤਸੱਲੀ ਨਹੀਂ ਕਰਵਾ ਸਕਦਾ, ਇਸ ਲਈ ਹੋਰ ਲੇਖ ਦੇਣ ਤੋਂ ਪਹਿਲਾਂ ਐਤਕੀ ਅਸੀਂ ਮਾਸ ਨੂੰ ਮਹਾਂ ਪ੍ਰਸ਼ਾਦ ਆਖਣ ਵਾਲਿਆਂ ਲਈ ਜੇ. ਪੀ. ਸੰਗਤ ਸਿੰਘ ਦਾ ਛੋਟਾ ਜਿਹਾ ਲੇਖ ਉਨ੍ਹਾਂ ਦੀ ਪੁਸਤਕ ਵਿਚੋਂ ਦੇ ਰਹੇ ਹਾਂ। —ਸੰਪਾਦਕ

ਪੰਥ-ਦੋਖੀਆ ਚਾਤਰਾਂ ਨੇ ਸਿਖ ਜਨ ਸਾਧਾਰਨ ਨੂੰ, ਮਾਸ ਖਾਣ ਵਲ ਆਕ੍ਰਸ਼ਤ ਕਰਨ ਲਈ ਇਕ ਚਾਲ ਇਹ ਵੀ ਚਲੀ ਹੈ ਕਿ ਮਾਸ ਜਿਹੀ ਘ੍ਰਿਣਤ ਅਤੇ ਗੁਰੂ ਘਰ ਵਿਚ ਸਖ਼ਤ ਵਰਜਿਤ ਅਥਵਾ ਸਿਖ ਰਹਿਤ ਮਰਯਾਦਾ ਵਿਚ ਬੁਰੀ ਤਰ੍ਹਾਂ ਨਿਸ਼ੇਧਿਤ ਵਸਤੂ ਨੂੰ "ਮਹਾਂ ਪ੍ਰਸ਼ਾਦ" ਦਾ ਨਾਉਂ ਦੇ ਦਿਤਾ ਹੈ। ਮਾਸ ਨੂੰ ਮਹਾਂ ਪ੍ਰਸ਼ਾਦ ਆਖਣਾ ਇਕ ਮਹਾਨ ਸ਼ਰਾਰਤੀ ਸਾਜ਼ਸ਼ ਹੈ ਅਤੇ ਪਾਵਨ ਗੁਰੂ-ਬਾਣੀ ਦੇ ਆਸ਼ੇ ਦੀ ਘੋਰ ਵਿਰੋਧਤਾ ਦੇ ਪਾਪ ਸਮਾਨ ਹੈ।

ਪਾਵਨ ਗੁਰਬਾਣੀ ਵਿਚ ਤ੍ਰੈਭਾਵਲ ਅਥਵਾ ਕੜਾਹ ਪ੍ਰਸ਼ਾਦ ਨੂੰ ਮਹਾਂ ਪ੍ਰਸ਼ਾਦ ਆਖਿਆ ਗਿਆ ਹੈ। ਮਾਸ ਜਿਹੀ ਘ੍ਰਿਣਤ, ਤਾਮਸਿਕ ਅਤੇ ਨਖਿਧ ਵਸਤੂ ਨੂੰ ਹਰਗਿਜ਼ ਹਰਗਿਜ਼ ਮਹਾਂ ਪ੍ਰਸ਼ਾਦ ਨਹੀਂ ਆਖਣਾ ਚਾਹੀਦਾ।

ਪਵਿਤਰ ਗੁਰਬਾਣੀ ਅਨੁਸਾਰ ਭਾਈ ਗੁਰਦਾਸ ਜੀ ਨੇ ਕੜਾਹ ਪ੍ਰਸ਼ਾਦ ਲਈ ਹੀ ਸ਼ਬਦ ਮਹਾਂ ਪ੍ਰਸ਼ਾਦ ਵਰਤਿਆ ਹੈ—



www.AKJ.Org

ਸਾਧ ਸੰਗਤ ਅਸਨ ਬਸਨ ਕੈ ਮਹਾਂ ਪ੍ਰਸਾਦ, ਸੋਈ ਤਉ ਅਸਾਧ ਸੰਗ ਬਿਖਮ ਅਹਾਰ ਹੈ ॥

[ਭਾਈ ਗੁਰਦਾਸ ਜੀ, ੧੭੫-੩ ਕਬਿਤ ਸਵਯੇ

ਭਾਵ—ਸਾਧ ਸੰਗਤ ਵਿਚ ਜਾਣ ਨਾਲ ਮਨੁੱਖ ਸੰਤੋਖੀ ਹੋ ਜਾਂਦਾ ਅਤੇ ਫਟੇ ਪੁਰਾਣੇ ਕਪੜਿਆਂ ਨੂੰ, ਦੁਸ਼ਾਲਿਆਂ ਅਥਵਾ ਜੋ ਵੀ ਰੁਖੀ ਸੁਖੀ ਮਿਲੇ, ਉਸ ਨੂੰ ਕੜਾਹ ਪ੍ਰਸ਼ਾਦ ਸਮਝਣ ਲਗ ਜਾਂਦਾ ਹੈ।

ਗਿਆਨੀ ਬਿਸ਼ਨ ਸਿੰਘ ਜੀ ਨੇ ਭਾਈ ਗੁਰਦਾਸ ਜੀ ਸਟੀਕ ਵਿਚ 'ਮਹਾਂ ਪ੍ਰਸ਼ਾਦ' ਸ਼ਬਦ ਉਤੇ ਉਚੇਚੇ ਤੌਰ ਤੇ ਸਟਾਰ ਮਾਰਕ (*) ਲਗਾ ਕੇ ਪੰਨਾ ੧੧੨ ਉਤੇ ਫੁਟ ਨੋਟ ਵਿਚ ਸਪੱਸ਼ਟੀਕਰਨ ਕੀਤਾ ਹੈ—

ਮਹਾਂ ਪ੍ਰਸ਼ਾਦ—ਮਾਸ ਨਹੀਂ, ਕੜਾਹ ਪ੍ਰਸ਼ਾਦ ਹੈ।

ਇਸੇ ਤਰ੍ਹਾਂ ਹੋਰ ਟੀਕਾਕਾਰਾਂ ਨੇ ਵੀ ਮਹਾਂ ਪ੍ਰਸ਼ਾਦ ਦੇ ਅਰਥ ਕੜਾਹ ਪ੍ਰਸਾਦ ਹੀ ਕੀਤੇ ਹਨ।

ਗੁਰਸਿਖਾਂ ਗੁਰਸਿਖ ਸੇਵਾ ਲਾਇਆ ॥ ਆਇ ਮਹਾਂ ਪ੍ਰਸ਼ਾਦ ਵੰਡ ਛਕਾਇਆ ॥

[ਭਾਈ ਗੁਰਦਾਸ ਜੀ, ਵਾਰ ੨੦, ਪਉੜੀ ੧੩

ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਤ ਵਾਰਾਂ ਭਾਈ ਗੁਰਦਾਸ ਜੀ ਦੇ ਪੰਨਾ ੨੧੬ ਉਤੇ "ਮਹਾਂ ਪ੍ਰਸ਼ਾਦ" ਦਾ ਅਰਥ ਕੜਾਹ ਪ੍ਰਸ਼ਾਦ ਹੀ ਕੀਤਾ ਗਿਆ ਹੈ।

ਗਿਆਨੀ ਬਿਸ਼ਨ ਸਿੰਘ ਜੀ ਨੇ ਵਾਰਾਂ ਭਾ: ਗੁਰਦਾਸ ਜੀ ਸਟੀਕ ਦੇ ਪੰਨਾ ੨੩੭ ਉਤੇ ਲਿਖਿਆ ਹੈ ਕਿ 'ਕੁਣਕਾ" ਨੂੰ ਕੜਾਹ ਪ੍ਰਸ਼ਾਦ ਨਹੀਂ ਕਹਿਣਾ ਚਾਹੀਦਾ, ਸਗੋਂ ਮਹਾਂ ਪ੍ਰਸ਼ਾਦ ਕਹਿਣਾ ਚਾਹੀਦਾ ਹੈ।

ਪੰਡਤ ਹਜ਼ਾਰਾ ਸਿੰਘ ਜੀ ਤੇ ਬ੍ਰਹਮ ਗਿਆਨੀ ਅਮੀਰ ਸਿੰਘ ਜੀ ਵੀ ਇਸ ਸ਼ਬਦ ਦਾ ਅਰਥ ਕੜਾਹ ਪ੍ਰਸ਼ਾਦ ਹੀ ਕਰਦੇ ਹਨ।

ਸ: ਗੁਰਬਖਸ਼ ਸਿੰਘ ਜੀ ਇਸ ਸੰਬੰਧੀ ਲਿਖਦੇ ਹਨ—

ਮਾਸ ਖਾਣ ਵਾਲੇ ਸਿਖਾਂ ਨੇ ਮਾਸ ਨੂੰ "ਮਹਾਂ ਪ੍ਰਸ਼ਾਦ" ਆਖ ਕੇ ਬੜੀ ਜ਼ਿਆਦਤੀ ਕੀਤੀ ਹੈ। ਗੁਰੂ ਘਰ ਵਿਚ ਕੜਾਹ ਪ੍ਰਸ਼ਾਦ ਨੂੰ ਮਹਾਂ ਪ੍ਰਸ਼ਾਦ ਆਖਿਆ ਜਾਂਦਾ ਹੈ। [ਸਰਬ-ਪਖੀ ਨਾਇਕ

ਮਹਾਂ ਪ੍ਰਸ਼ਾਦ (ਕੜਾਹ ਪ੍ਰਸ਼ਾਦ) ਨੂੰ ਗੁਰੂ ਘਰ ਵਿਚ ਇਕ ਵਿਸ਼ੇਸ਼ ਸਤਿਕਾਰ ਪ੍ਰਾਪਤ ਹੈ। ਮਰਯਾਦਾ ਅਨੁਸਾਰ ਹਰ ਐਰਾ ਗੈਰਾ ਸਜਣ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਨਹੀਂ ਕਰ ਸਕਦਾ। ਇਸ ਦੀ ਸਾਜਨਾ ਦਾ ਅਧਿਕਾਰ ਕੇਵਲ ਪੂਰੇ ਨਿਤਨੇਮੀ ਸਜਣ ਨੂੰ ਹੀ ਦਿਤਾ ਗਿਆ ਹੈ। ਸਿੰਘ ਹੋਣ ਦੀ ਸੂਰਤ ਵਿਚ ਇਸ ਨੂੰ ਤਿਆਰ ਕਰਨ ਦਾ ਅਧਿਕਾਰੀ ਅੰਮ੍ਰਿਤਧਾਰੀ ਤੇ ਪੂਰਨ ਰਹਿਤ-ਬਹਿਤ ਵਾਲੇ ਤਿਆਰ ਬਰ-ਤਿਆਰ ਸਜਣ ਨੂੰ ਹੀ ਹੈ। ਦੇਗ ਤਿਆਰੀ ਤੋਂ ਪਹਿਲਾਂ ਸਾਰੇ ਸੰਬੰਧਤ ਬਰਤਨ, ਚੌਂਕਾ, ਸਾਜਣ ਵਾਲੇ ਸਜਣ ਦੇ ਬਸਤਰ ਤੇ ਹੱਥ ਚੰਗੇ ਪਵਿਤਰ ਹੋਣੇ ਜ਼ਰੂਰੀ ਹਨ। ਜਿਤਨੀ ਦੇਰ ਦੇਗ ਤਿਆਰ ਹੁੰਦੀ ਰਹੇ, ਇਸ ਦੇ ਸਾਜਣ ਵਾਲੇ ਲਈ ਗੁਰਬਾਣੀ ਦਾ ਪਾਠ ਕਰਨਾ ਜ਼ਰੂਰੀ ਹੈ। ਦੇਗ ਵਰਤਾਉਣ ਵੇਲੇ ਵੀ ਪੂਰਨ ਸਤਿਕਾਰ ਦਾ ਖਿਆਲ ਰਖਿਆ ਜਾਂਦਾ ਹੈ ਅਤੇ ਦੇਗ ਵਰਤਾਉਣ ਵਾਲੇ ਤੇ ਪ੍ਰਾਪਤ ਕਰਨ ਵਾਲੇ ਦੇ ਮੂੰਹੋਂ ਅਭੋਲ ਹੀ 'ਵਾਹਿਗੁਰੂ' ਸ਼ਬਦ ਨਿਕਲ ਜਾਂਦਾ ਹੈ।

ਇਹੋ ਜਿਹੀ ਪਵਿਤਰ ਵਸਤੂ 'ਮਹਾਂ ਪ੍ਰਸ਼ਾਦ" ਦਾ ਨਾਉਂ ਮਾਸ ਜਿਹੀ ਘ੍ਰਿਣਤ ਵਸਤੂ ਨੂੰ ਦੇਣਾ, ਇਕ ਅਤਿ ਸ਼ਰਮਨਾਕ ਗੱਲ ਅਤੇ ਇਕ ਸਫਲ ਗੁਮਰਾਹ-ਕੁਨ ਸਾਜ਼ਸ਼ ਹੈ।

ਜਿਵੇਂ ਤ੍ਰੈ-ਭਾਵਲ ਦਾ ਨਾਉਂ "ਮਹਾਂ ਪ੍ਰਸ਼ਾਦ" ਦੀ ਥਾਵੇਂ "ਕੜਾਹ ਪ੍ਰਸ਼ਾਦ" ਪ੍ਰਸਿਧ ਕਰ ਦਿਤਾ ਗਿਆ ਹੈ, ਇਸੇ ਤਰ੍ਹਾਂ ਹੀ "ਕੁੱਠਾ" ਸ਼ਬਦ ਨੂੰ ਹਲਾਲੀ ਮਾਸ ਦੇ ਅਰਥਾਂ ਵਿਚ ਅਤੇ "ਝਟਕਾ" ਸ਼ਬਦ ਨੂੰ ਮਾਸ (ਮਹਾਂ ਪ੍ਰਸ਼ਾਦ) ਲਈ ਪ੍ਰਸਿਧ ਕਰ ਦਿਤਾ ਗਿਆ ਹੈ।

ਗਿਆਨੀ ਲਾਲ ਸਿੰਘ ਜੀ ਸੰਗਰੂਰ ਲਿਖਦੇ ਹਨ—

ਮਹਾਂ ਪ੍ਰਸ਼ਾਦ ਪਵਿਤ੍ਰ ਭੋਜਨ ਹੈ। ਇਸ ਦਾ ਨਾਮ ਪੰਚਾਮ੍ਰਿਤ, ਭਾਵ ਪੰਜ ਵਸਤਾਂ ਦਾ ਮਿਲਾਪ। ਸਿਖ ਧਰਮ



www.AKJ.Org

# ਸੇਵਾ ਦੇ ਪੁੰਜ ਬੀਬੀ ਨੰਦ ਕੌਰ ਜੀ

[ਵਲੋਂ :—ਮਾਸਟਰ ਕੁੰਦਨ ਸਿੰਘ ਜੀ ਸਰਹਾਲੀ]

"ਗੁਰਮੁਖਿ ਜਨਮੁ ਸਵਾਰਿ ਦਰਗਹਿ ਚਲਿਆ ॥ ਸਚੀ ਦਰਗਹਿ ਜਾਇ ਸਚਾ ਪਿੜ ਮਲਿਆ ॥"

[ਭਾਈ ਗੁਰਦਾਸ ਜੀ, ਵਾਰ ੧੯, ਪਉੜੀ ੧੪

ਸਚਖੰਡ ਵਾਸੀ ਡਾਕਟਰ ਗੁਰਦੀਪ ਸਿੰਘ ਜੀ ਨਾਰੰਗਵਾਲ ਜ਼ਿਲਾ ਲੁਧਿਆਣਾ ਦੇ ਵਾਸੀ ਸ਼ਨ। ਇਹਨਾਂ ਦੇ ਪਿਤਾ ਸ: ਚਰਨ ਸਿੰਘ ਜੀ ਸਨ, ਜਿਨ੍ਹਾਂ ਨੇ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਨਾਲ ਇਕੋ ਬਾਟੇ ਵਿਚ ਅੰਮ੍ਰਿਤ ਛਕਿਆ ਸੀ। ਭਾਈ ਸਾਹਿਬ ਜੀ ਇਹਨਾਂ ਨੂੰ ਸੁਨਹਿਰੀਏ ਵੀਰ ਕਹਿੰਦੇ ਹੁੰਦੇ ਸਨ। ਇਹਨਾਂ ਦੇ ਦੋ ਹੀ ਬੱਚੇ ਸਨ—ਡਾਕਟਰ ਗੁਰਦੀਪ ਸਿੰਘ ਜੀ ਅਤੇ ਬੀਬੀ ਨੰਦ ਕੌਰ ਜੀ। ਡਾਕਟਰ ਗੁਰਦੀਪ ਸਿੰਘ ਜੀ ੧੯੪੨ ਵਿਚ ਜਪਾਨ ਦੇ ਹਮਲੇ ਵੇਲੇ ਬਰਮਾ ਵਿਚ ਹੀ ਸ਼ਹੀਦ ਹੋ ਗਏ ਸਨ।

ਬੀਬੀ ਨੰਦ ਕੌਰ ਜੀ ਤਰਨ ਤਾਰਨ ਲਾਗੇ ਪਿੰਡ ਠਠੂ ਵਿਆਹੀ ਹੋਈ ਸੀ ਅਤੇ ਉਸ ਦੀਆਂ ਤਿੰਨ ਬੱਚੀਆਂ ਹੀ ਹਨ, ਬੱਚਾ ਕੋਈ ਨਹੀਂ। ਬੱਚੀਆਂ ਅੰਮ੍ਰਿਤਧਾਰੀ ਹਨ। ਬੀਬੀ ਨੰਦ ਕੌਰ ਜੀ ਨੇ ਕਰੀਬਨ ੨੦-੨੫ ਸਾਲ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਘਰ ਨਾਰੰਗਵਾਲ ਲੰਗਰ ਦੀ ਅਤੁਟ ਸੇਵਾ ਕੀਤੀ। ਬਬੇਕੀ ਸਿੰਘਾਂ ਅਤੇ ਸਰਬ ਲੋਹੀ ਸਿੰਘਾਂ ਵਾਸਤੇ ਸਮਾਗਮਾਂ ਸਮੇ ਸਾਰੇ ਪਿੰਡ ਵਿਚੋਂ ਦੁੱਧ ਚੋ ਕੇ ਲਿਆਉਂਦੇ ਹੁੰਦੇ ਸਨ। ਭਾਈ ਸਾਹਿਬ ਜੀ "ਰੰਗਲੇ ਸਜਣ" ਪੁਸਤਕ ਵਿਚ ਲਿਖਦੇ ਹਨ ਕਿ ਦੋਨੋਂ ਭੈਣ ਭਾਈ ਪ੍ਰਮਾਰਥ ਦੇ ਪਾਤਰ ਸਨ। ਭਾਈ ਸਾਹਿਬ ਜੀ ਪਹਿਲੀ ਵੇਰ ਹੀ ਇਹਨਾਂ ਨੂੰ ਦੇਖ ਕੇ ਤਾੜ ਗਏ ਕਿ ਇਹ ਪਿਛਲੇ ਜਨਮ ਦੀਆਂ ਵਿਛੜੀਆਂ ਹੋਈਆਂ ਰੂਹਾਂ ਹਨ।

ਇਕ ਵੇਰ ਨਾਰੰਗਵਾਲ ਅੰਮ੍ਰਿਤ-ਸਿੰਚਾਰ ਦਾ ਸਮਾਗਮ ਜੁੜਿਆ। ਪਿਆਰੇ ਗੁਰਦੀਪ ਸਿੰਘ ਜੀ ਦੀ ਪ੍ਰਮਾਰਥੀ ਪਾਤਰਤਾ ਬੜੀ ਉਚੇਰੀ ਟੀਸੀ ਤਾਈਂ ਅਪੜ ਚੁਕੀ ਸੀ ਅਤੇ ਬੀਬੀ ਨੰਦ ਕੌਰ ਭੀ ਘਟ ਨਹੀਂ ਸੀ। ਇਸ ਨੂੰ ਵੀ ਆਪਣੇ ਵੀਰ ਦੇ ਨਾਲ ਹੀ ਜਹਾਜ਼ੇ ਚੜ੍ਹਨ ਦੀ ਤਕੜੀ ਲਿਵ ਲਗੀ ਹੋਈ ਸੀ, ਪਰ ਉਸ ਦੇ ਭਾਗਾਂ ਵਿਚ ਵੀਰ ਦੇ ਨਾਲ ਜਹਾਜ਼ੇ ਚੜ੍ਹਨਾ ਨਹੀਂ ਸੀ ਲਿਖਿਆ ਹੋਇਆ, ਕਿਉਂਕਿ ਉਸ ਦਾ ਜੀਵਨ-ਸਾਥੀ ਅਜੇ ਜਹਾਜ਼ੇ ਚੜ੍ਹਨ ਲਈ ਤਿਆਰ ਨਹੀਂ ਸੀ। ਉਸਦਾ ਪਤੀ ਕੁਝ ਸਮਾਂ ਪਿਛੋਂ ਵਾਹਿਗੁਰੂ ਨੂੰ ਪਿਆਰਾ ਹੋ ਗਿਆ ਅਤੇ ਉਸ ਦੇ ਚਲਾਣੇ ਪਿਛੋਂ ਬੀਬੀ ਨੰਦ ਕੌਰ ਤਿਆਰ-ਬਰ-ਤਿਆਰ ਹੋ ਗਈ।

ਭਾਈ ਸਾਹਿਬ ਲਿਖਦੇ ਹਨ ਕਿ ਡਾਕਟਰ ਗੁਰਦੀਪ ਸਿੰਘ ਜੀ ਤਾਂ ਅੰਮ੍ਰਿਤ ਛਕਣਹਾਰਿਆਂ ਦੇ ਮੰਡਲ ਵਿਚ ਅੰਦਰ ਬੈਠੇ ਕਾਗੋਂ ਹੰਸ ਬਨਣ ਦੀਆਂ ਤਿਆਰੀਆਂ ਕਰ ਰਹੇ ਹਨ ਤੇ ਹੰਸ-ਅਵਤੰਸੀ-ਉਡਾਰੀਆਂ ਲੈ ਰਹੇ ਹਨ ਅਤੇ

---

✿ ਵਿਚ ਮਹਾਂ ਪ੍ਰਸ਼ਾਦ ਨਾਲੋਂ ਕੋਈ ਉਤਮ ਪਦਾਰਥ ਨਹੀਂ। ਪੰਚਾਮ੍ਰਿਤ—ਅੱਗ, ਪਾਣੀ ਅਨਾਜ, ਘਿਉ ਤੇ ਮਿਠਾ। ਮਾਸ ਨੂੰ ਮਹਾਂ ਪ੍ਰਸ਼ਾਦ ਕਹਿਣਾ ਗ਼ਲਤੀ ਹੈ। [ਸਿਖ ਕਾਨੂੰਨ

......ਕੋਈ ਪਰੰਪਰਾ, ਜਿਹੜੀ ਪਾਵਨ ਗੁਰਬਾਣੀ ਦੇ ਅਨੁਕੂਲ ਨਹੀਂ, ਉਹ ਪੁਰਾਤਨ ਗੁਰਸਿਖਾਂ ਅਤੇ ਸਤਿਗੁਰੂ ਸਾਹਿਬਾਨ ਦੀ ਚਲਾਈ ਹੋਈ ਨਹੀਂ ਕਹੀ ਜਾ ਸਕਦੀ। ...

ਇਸ ਲਈ ਸਿਖ ਧਰਮ ਵਿਚ ਮਾਸ ਖਾਣਾ ਉਚਿਤ ਹੈ ਜਾਂ ਅਨੁਚਿਤ, ਇਸ ਦਾ ਫ਼ੈਸਲਾ ਕੇਵਲ ਪਾਵਨ ਗੁਰਬਾਣੀ ਤੋਂ ਹੀ ਲੈਣਾ ਉਚਿਤ ਹੈ। ਇਸ ਸੰਬੰਧੀ ਮਨ-ਘੜਤ ਅਤੇ ਉਚੇਚੇ ਤੌਰ ਤੇ ਕੌਮ ਨੂੰ ਅਹਾਰ-ਭ੍ਰਿਸ਼ਟ ਅਤੇ ਪਥ-ਭ੍ਰਿਸ਼ਟ ਕਰਨ ਲਈ ਲਿਖਵਾਏ ਗਏ ਇਤਿਹਾਸਾਂ ਦੀਆਂ ਮਨੋ-ਕਲਪਿਤ ਸਾਖੀਆਂ ਤੋਂ ਫ਼ੈਸਲਾ ਲੈਣਾ ਬਿਲਕੁਲ ਅਨੁਚਿਤ ਅਤੇ ਗੁਰਮਤਿ ਵਿਰੋਧੀ ਕਰਮ ਹੈ।



www.AKJ.Org

ਉਸਦੀ ਸਰਬ-ਗੁਣਾਂ, ਗੁਰਮਤਿ ਗੁਣਾਂ ਸੁਪਾਤਰ ਭੈਣ ਬਾਹਰਵਾਰ ਬਰਾਂਡੇ ਵਿਚ ਬੈਠੀ ਹੋਈ ਝੂਮ ਰਹੀ ਸੀ। ਉਸ ਨੂੰ ਬਾਹਰ ਬੈਠੀ ਨੂੰ ਹੀ ਇਉਂ ਪ੍ਰਤੀਤ ਹੋ ਰਿਹਾ ਸੀ ਕਿ ਜਿਵੇਂ ਉਸ ਨੇ ਆਪਣੇ ਹੰਸ ਵੀਰ ਦੇ ਨਾਲ ਉਡਣਾ ਹੈ ਤੇ ਉਚ-ਅਮਰ-ਅਟਾਰੀਆਂ ਦੀਆਂ ਉਡਾਰੀਆਂ ਮਾਰਨੀਆਂ ਹਨ। ਆਹ, ਉਹ ਵੇਲਾ ਆ ਗਿਆ। ਉਹ ਭਲਾ ਸੰਜੋਗੜਾ ਆਪਣੀ ਢੁਕਣੀ ਨੇੜੇ ਹੀ ਢੁਕ ਗਿਆ ਕਿ ਵੀਰ ਤਾਂ ਅੰਮ੍ਰਿਤ-ਅਧਿਕਾਰੀਆਂ ਦੀ ਪਹਿਲੀ ਕਤਾਰ ਵਿਚ ਬੈਠਾ ਹੋਇਆ ਅੰਦਰਵਾਰ ਪੰਜਾਂ ਪਿਆਰਿਆਂ ਅਗੇ ਦੁਇ ਕਰ ਜੋੜ ਅੰਮ੍ਰਿਤ-ਅਭਿਲਾਖਾ ਵਿਚ ਸੰਧੂਰਤ ਹੋਇਆ ਵਿਹਾ ਸੀ। .....ਡਾਕਟਰ ਗੁਰਦੀਪ ਸਿੰਘ ਨੂੰ ਗੁਰ-ਮੰਤਰ ਮਿਲਣ ਦੀ ਦੇਰ ਸੀ ਕਿ ਇਸ ਦੀਆਂ ਅਖੀਆਂ ਟਟਾਰੇ ਲਗ ਗਈਆਂ, ਸੁਰਤੀ ਇਕ-ਦਮ ਗਗਨਾਂ ਵਿਚ ਜਾ ਖੇਲੀ। ਨਾਮ ਦਾ ਖੰਡਾ ਅਜਿਹਾ ਖੜਕਿਆ ਕਿ "ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ" ਵਾਲਾ ਦ੍ਰਿਸ਼ ਸਾਂਗੋ ਪਾਂਗ ਬਝ ਗਿਆ।......

......ਜਦ ਵੀਰ ਗੁਰਦੀਪ ਸਿੰਘ, ਅੰਦਰ ਵਿਸਮਾਦ-ਰੰਗਾਂ ਵਿਚ ਤਾਰੀਆਂ ਲਾ ਰਿਹਾ ਸੀ, ਭੈਣ ਨੰਦ ਕੌਰ ਦੇ ਬਾਹਰ ਬਰਾਂਡੇ ਵਿਚ ਬੈਠੀ ਦੇ ਹੀ ਨੈਣ ਜੁੜ ਗਏ ਅਤੇ ਆਪਣੇ ਆਪ ਹੀ ਨਾਮ ਦਾ ਖੰਡਾ ਖੜਕਣ ਲਗ ਪਿਆ ਅਤੇ ਪੁਜ ਕੇ ਪੂਜਜ ਪਿਆਰ ਦੇ ਕੇਂਦਰ ਵੀਰ ਗੁਰਦੀਪ ਸਿੰਘ ਦੀਆਂ ਅੰਦਰ ਅੰਮ੍ਰਿਤ ਮੰਡਲ ਵਿਚ ਬੈਠਿਆਂ ਹੀ ਵਾਇਰਲੈੱਸ ਤਾਰਾਂ ਵੀ ਨੰਦ ਕੌਰ ਦੀ ਨਿਮਾਨੜੀ ਜਿੰਦੜੀ ਅੰਦਰ ਫਿਰ ਗਈਆਂ। ਅੰਮ੍ਰਿਤ-ਮੰਡਲੀ-ਖੰਡ ਅੰਦਰਲਾ ਸਾਰਾ ਸਿੰਚਾਰ ਸਮਾਗਮ ਗੁਪਤੋ ਗੁਪਤੀ ਅੰਤ੍ਰਿਗ ਵਿਚ ਹੀ ਚਲੇ ਆਉਣ ਦੀ ਮਰਯਾਦਾ ਵਾਲਾ ਧੁਰਵਾ ਮੁਢੋਂ ਹੀ ਬਝਿਆ ਆਇਆ ਹੈ। ਅੰਮ੍ਰਿਤ-ਸਿੰਚਾਰੀ ਪੰਜਾਂ ਪਿਆਰਿਆਂ ਦੇ ਅੰਦਰ ਇਕ-ਦਮ ਇਸ ਇਕੋ ਉਮਾਹੇ ਦੀ ਤਾਰ ਫਿਰ ਗਈ ਕਿ ਇਸ ਨਵ-ਜਨਮੇ ਵੀਰ ਗੁਰਦੀਪ ਸਿੰਘ ਦਾ ਨੌਤਹਾਰੀ ਦਰਸ਼ਨ ਬਾਹਰੋਂ ਹੀ ਬਾਰੀਆਂ ਦੇ ਸ਼ੀਸ਼ੇ ਵਿਚ ਦੀ ਉਸ ਦੀ ਨੀਮ ਮਤਵਾਲੀ ਭੈਣ ਨੰਦ ਕੌਰ ਨੂੰ ਦਿਖਾਇਆ ਜਾਵੇ। ਬਸ ਦਿਖਾਵਣ ਦੀ ਦੇਰ ਹੀ ਸੀ ਕਿ ਦੇਖਣਸਾਰ ਬਿਸਮਨ ਬਿਸਮਾਦੀ ਅਰਸ਼ਾਂ ਕੁਰਸਾਂ ਵਾਲੇ ਦੀਦਾਰਿਆਂ ਨੂੰ ਨਾ ਸਹਾਰਦੀ ਹੋਈ ਗਸ਼ ਖਾ ਕੇ ਡਿਗ ਪਈ। ਬੀਬੀ ਨੰਦ ਕੌਰ ਧੜੱਮ ਕਰਕੇ ਧਰਤੀ ਤੇ ਜਾ ਡਿਗੀ ਤੇ ਡਿਗਣ ਸਾਰ ਬੇਹੋਸ਼ ਹੋ ਗਈ। ਘੰਟਿਆਂ ਬਧੀ ਉਸ ਨੂੰ ਹੋਸ਼ ਨਾ ਆਈ। ਆਖ਼ਰ ਉਸ ਨੂੰ ਤਾਂ ਹੋਸ਼ ਆ ਗਈ, ਪਰ ਵੀਰ ਕਈ ਘੰਟੇ ਰਸ-ਸਥਿਤ-ਸਮਾਧੀ ਵਿਚ ਜੁੜੇ ਰਹੇ। ਅੰਤ ਭਾਈ ਸਾਹਿਬ ਜੀ ਨੇ ਉਸ ਨੂੰ ਸਾਵਧਾਨ ਕਰਾ ਕੇ ਸੰਗਤ ਵਿਚ ਲਿਆਂਦਾ।

ਬੀਬੀ ਨੰਦ ਕੌਰ ਜੀ ਆਖ਼ਰੀ ਦਮ ਤਕ ਤਿਆਰ-ਬਰ-ਤਿਆਰ ਰਹਿ ਕੇ ਸਮਾਗਮਾਂ ਸਮੇਂ ਸੰਗਤ ਦੀ ਸੇਵਾ ਕਰਦੀ ਹੋਈ ਅੰਤ ੬ ਦਸੰਬਰ ੧੯੮੪ ਨੂੰ ਸਚਖੰਡ ਪਧਾਰੇ। ਅਖੰਡ ਕੀਰਤਨੀ ਜਥਾ ਲੁਧਿਆਣੇ ਵਾਲਿਆਂ ਨੇ ਨਾਰੰਗ-ਵਾਲ ਉਸ ਦੇ ਨਵੇਂ ਬਣੇ ਘਰ ਵਿਚ ਉਸ ਦੀ ਦਸਵੀਂ ਤੇ ਅਖੰਡਪਾਠ ਦਾ ਭੋਗ ਪਾ ਕੇ ਕੀਰਤਨ-ਸਮਾਗਮ ਕੀਤਾ। ਦਾਸ (ਮਾਸਟਰ ਕੁੰਦਨ ਸਿੰਘ) ਬੀਬੀ ਜੀ ਦੇ ਸੰਗ ਸਾਥ ਬਰਮਾ ਵਿਚ ਰਿਹਾ ਹੈ। ਦਾਸ ਨੇ ਅਤੇ ਡਾਕਟਰ ਗੁਰਦੀਪ ਸਿੰਘ ਜੀ ਦੇ ਇਕ ਮਿਤਰ ਨੇ ਉਚੇਚਾ ਨਾਰੰਗਵਾਲ ਜਾ ਕੇ ਬੀਬੀ ਜੀ ਦੇ ਨਮਿਤ ਇਕ ਸਾਧਾਰਨ ਪਾਠ ਦਾ ਭੋਗ ੯ ਜਨਵਰੀ ੧੯੮੫ ਨੂੰ ਪਾਇਆ।

# ਭਾਈ ਜੋਗਿੰਦਰ ਸਿੰਘ ਮਰਦਾਨਾ ਜੀ ਗੁਰਪੁਰੀ ਪਧਾਰ ਗਏ

'ਨੰਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ'। ਪੁਰਾਤਨ ਸਿੰਘ ਵਾਰੀ ਵਾਰੀ ਗੁਰਪੁਰੀ ਪਿਆਨੇ ਕਰੀ ਜਾ ਰਹੇ ਹਨ। ਪਤਾ ਨਹੀਂ ਕਿਸ ਦੀ ਕਿਸ ਵੇਲੇ ਵਾਰੀ ਆ ਜਾਣੀ ਹੈ। ਇਸ ਅਸਾਰ ਸੰਸਾਰ ਦਾ ਸਭ ਨੂੰ ਹੀ ਸਾਥ ਛਡਣਾ ਪੈਣਾ ਹੈ। ਭਾਈ ਮਰਦਾਨਾ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਕੀਰਤਨ-ਰੰਗ-ਅਖਾੜਿਆਂ ਵਿਚ ਬੜੀ ਉਚੀ ਧੁਨੀ ਵਿਚ ਕੀਰਤਨ ਦੇ ਖ਼ੂਬ ਰੰਗ ਬੰਨ੍ਹਿਆ ਕਰਦੇ ਸਨ। ਇਸੇ ਕਰਕੇ ਸ੍ਰੀਮਾਨ ਭਾਈ ਸਾਹਿਬ ਜੀ ਨੇ ਆਪ ਦਾ ਨਾਂ 'ਮਰਦਾਨਾ' ਰਖਿਆ ਹੋਇਆ ਸੀ। ਮਰਦਾਨਾ ਜੀ ੫-੧-੮੫ ਨੂੰ ਗੁਰ ਚਰਨਾਂ ਵਿਚ ਜਾ ਬਿਰਾਜੇ ਹਨ। ਵਾਹਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।


www.AKJ.Org

# ਸਿੱਖੀ ਧਰਮ ਪਰਚਾਰ

ਕਲਜੁਗੀ ਜੀਵਾਂ ਦੇ ਉਧਾਰ ਲਈ, ਆਪ ਅਕਾਲ ਪੁਰਖ ਆਪਣੇ ਕਲਾ-ਕ੍ਰਿਸ਼ਮੀ ਢੰਗ ਨਾਲ, ਗੁਰੂ ਨਾਨਕ ਸਾਹਿਬ ਜੀ ਦੇ ਰੂਪ ਵਿਚ ਸੰਸਾਰ ਅੰਦਰ ਪਰਵਰਿਆ ਅਤੇ ਦਸ ਜਾਮੇ ਧਾਰ ਕੇ ਗੁਰਮਤਿ ਮਾਰਗ ਚਲਾਇਆ ਅਤੇ ਨਾਮ ਬਾਣੀ ਦਾ ਛੱਟਾ ਦੇ ਕੇ ਸੰਸਾਰ ਵਿਚ ਠੰਢ ਵਰਤਾਈ। ਇਸ ਮਿਸ਼ਨ ਨੂੰ ਰਹਿੰਦੀ ਦੁਨੀਆ ਤੱਕ ਜਾਰੀ ਰੱਖਣ ਲਈ, ਕਲਗੀਧਰ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗੱਦੀ ਬਖਸ਼ੀ। ਗੁਰੂ ਨਾਨਕ ਸਾਹਿਬ ਜੀ ਦੇ ਇਸ ਪ੍ਰਚਾਰ ਨੂੰ ਜਾਰੀ ਰੱਖਣ ਵਿਚ ਆਪਣਾ ਯੋਗਦਾਨ ਪਾਉਣ ਲਈ, ਅਖੰਡ ਕੀਰਤਨੀ ਜਥੇ ਵਲੋਂ ਹਰ ਸਾਲ ਤਿੰਨ ਸੇਵਾਵਾਂ ਵਿਸ਼ੇਸ਼ ਤੌਰ ਤੇ ਚਲਾਈਆਂ ਜਾ ਰਹੀਆਂ ਹਨ :—

(ੳ) 'ਭਾ ਸਾ: ਭਾ: ਰਣਧੀਰ ਸਿੰਘ ਜੀ ਸਕਾਲਰ-ਸ਼ਿਪ-ਸਕੀਮ', ਜਿਸ ਅਧੀਨ ਅੰਮ੍ਰਿਤਧਾਰੀ (ਰਹਿਤਵਾਨ) ਵਿਦਿਆਰਥੀ ਬੱਚੇ ਬੱਚੀਆਂ, ਜਿਨ੍ਹਾਂ ਨੂੰ ਨਿਤਨੇਮ ਦੀਆਂ ਸਾਰੀਆਂ ਬਾਣੀਆਂ ਜ਼ਬਾਨੀ ਕੰਠ ਹੋਣ, ਨੂੰ ਸਕਾਲਰਸ਼ਿਪ ਦਿੱਤੇ ਜਾਂਦੇ ਹਨ, ਤਾਂ ਜੁ ਵਿਦਿਆਰਥੀ ਸ਼੍ਰੇਣੀ ਗੁਰਮਤਿ ਵੱਲ ਪ੍ਰੇਰੀ ਜਾ ਸਕੇ।

(ਅ) 'ਭ: ਸਾ: ਭਾ: ਰਣਧੀਰ ਸਿੰਘ ਜੀ ਕੀਰਤਨ-ਉਤਸ਼ਾਹੀ-ਸਕੀਮ', ਜਿਸ ਅਧੀਨ ੨੦ ਸਾਲ ਦੀ ਉਮਰ ਤੱਕ ਦੇ ਅੰਮ੍ਰਿਤਧਾਰੀ ਰਹਿਤਵਾਨ ਬੱਚੇ ਬੱਚੀਆਂ, ਜੇਹੜੇ ਆਸਾ ਦੀ ਵਾਰ ਦਾ, ਸ਼ਬਦ ਛੱਕਿਆਂ ਸਮੇਤ ਜ਼ਬਾਨੀ ਕੀਰਤਨ ਕਰ ਸੱਕਣ ਦੀ ਯੋਗਤਾ ਰੱਖਦੇ ਹੋਣ, ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਜਾਂਦਾ ਹੈ।

(ੲ) 'ਭਾ: ਸਾ: ਭਾ: ਰਣਧੀਰ ਸਿੰਘ ਜੀ ਪਾਠ-ਉਤਸ਼ਾਹ ਸਕੀਮ', ਜਿਸ ਅਧੀਨ ੨੫ ਸਾਲ ਦੀ ਉਮਰ ਤੱਕ ਦੇ ਅੰਮ੍ਰਿਤਧਾਰੀ ਰਹਿਤਵਾਨ ਬੱਚੇ ਬੱਚੀਆਂ, ਜੇਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਤੋਂ ਇਕ ਘੰਟੇ ਵਿਚ ੩੦ ਪੰਨੇ ਦੀ ਰਫ਼ਤਾਰ ਨਾਲ ਸੁਧ ਪਾਠ ਕਰ ਸਕਣ ਦੀ ਯੋਗਤਾ ਰੱਖਦੇ ਹੋਣ, ਨੂੰ ਇਨਾਮ ਦੇ ਕੇ ਸਨਮਾਮਤ ਕੀਤਾ ਜਾਂਦਾ ਹੈ।

ਲੁਧਿਆਣਾ ਵਿਖੇ, ਕਲਗੀਧਰ ਪਾਤਸ਼ਾਹ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸ਼ਵ ਦੇ ਸੰਬੰਧ ਵਿਚ ਰਚੇ ਗਏ ਕੀਰਤਨ ਸਮਾਗਮ ਤੇ ਸੰਗਤ ਜੀ ਨੇ ਫ਼ੈਸਲਾ ਦਿੱਤਾ ਕਿ, ਉਪਰ ਦਰਸਾਈਆਂ ਸੇਵਾਵਾਂ ਨੂੰ ਹਮੇਸ਼ਾ ਲਈ ਜਾਰੀ ਰੱਖਣ ਦੀ ਜ਼ਿਮੇਵਾਰੀ ਭਾ: ਸਾ: ਭਾ: ਰਣਧੀਰ ਸਿੰਘ ਜੀ ਪੁਸਤਕ ਟ੍ਰਸਟ ਨੂੰ ਸਉਂਪ ਦਿੱਤੀ ਜਾਏ, ਤਾਂ ਜੁ ਇਹ ਸੇਵਾਵਾਂ ਰਹਿੰਦੀ ਦੁਨੀਆ ਤੱਕ ਦਿਨੋ ਦਿਨ ਚੜ੍ਹਦੀ ਕਲਾ ਵਿਚ ਪੱਕੇ ਤੌਰ ਤੇ ਜਾਰੀ ਰਹਿਣ।

ਟ੍ਰਸਟ ਇਨ੍ਹਾਂ ਸੇਵਾਵਾਂ ਨੂੰ ਠੀਕ ਢੰਗ ਨਾਲ ਤਾਂ ਹੀ ਨਿਭਾ ਸਕਦਾ ਹੈ ਜੇ ਟ੍ਰਸਟ ਦੀ ਮਾਇਕ ਹਾਲਤ ਖਾਸੀ ਮਜ਼ਬੂਤ ਹੋਵੇ। ਸੁਭਾਗ ਦੀ ਗੱਲ ਹੈ ਕਿ ਗੁਰਬਾਣੀ ਦੇ ਅਧਾਰ ਤੇ ਪਰੈਕਟੀਕਲ ਪਰਚਾਰ, ਅਖੰਡ ਕੀਰਤਨੀ ਜਥੇ ਦੇ ਹਿੱਸੇ ਆਇਆ ਹੈ। ਸਤਿਗੁਰੂ ਕਿਰਪਾ ਕਰਨ, ਇਹ ਸੁਚੱਜਤਾ ਅਤੇ ਸਫਲਤਾ ਸਹਿਤ ਨਿਭਦਾ ਰਵੇ।

ਟ੍ਰਸਟ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਇਨ੍ਹਾਂ ਸੇਵਾਵਾਂ ਦੇ ਸੰਬੰਧ ਵਿਚ ਆਈ ਮਾਇਆ ਨੂੰ ਸਾਂਝੇ ਫਿਕਸਡ ਡੀਪਾਜ਼ਿਟ ਕਰਾ ਕੇ, ਇਸ ਤੋਂ ਪ੍ਰਾਪਤ ਸੂਦਾ ਨੂੰ ਜਾਇੰਟ ਸੇਵਿੰਗਜ਼ ਅਕਾਊਂਟ ਵਿਚ ਜਮ੍ਹਾ ਕਰਾ ਕੇ ਇਸ ਮਇਆ ਨਾਲ ਉਪਰ ਦਰਸਾਈਆਂ ਸੇਵਾਵਾਂ ਨੂੰ ਜਾਰੀ ਰੱਖਣ ਦਾ ਫ਼ਰਜ਼ ਨਿਭਾਵੇ। ਟ੍ਰਸਟ ਦੀ ਮਾਇਕ ਹਾਲਤ ਜਿੰਨੀ ਨਿਗਰ ਹੋਵੇਗੀ ਓਨੀ ਹੀ ਇਸ ਦੀ ਜ਼ਿਮੇਵਾਰੀ ਚੰਗੇ ਢੰਗ ਨਾਲ ਨਿਭਾਈ ਜਾ ਸਕੇਗੀ।

ਸਮੂਹ ਗੁਰੂ-ਨਾਨਕ-ਨਾਮ ਲੇਵਾ ਗੁਰਸਿਖਾਂ ਅਤੇ ਖਾਲਸਾ ਪੰਥ ਦੇ ਹਿਤੈਸ਼ੀਆਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਹ ਤਨ, ਮਨ ਧਨ ਰਾਹੀਂ ਆਪਣਾ ਪੂਰਨ-ਸਹਿਯੋਗ 'ਸਕੱਤਰ ਭਾ: ਸਾ: ਭਾ: ਰਣਧੀਰ ਸਿੰਘ ਜੀ ਪੁਸਤਕ ਟ੍ਰਸਟ, ੨੩-ਜੀ ਸਰਾਭਾ ਨਗਰ, ਲੁਧਿਆਣਾ (ਪੰਜਾਬ)' ਨੂੰ ਦੇਣ ਦੀ ਕਿਰਪਾਲਤਾ ਕਰਨ। ਕਲਗੀਧਰ ਪਾਤਸ਼ਾਹ ਜੀ ਦੀ ਖੁਸ਼ੀ ਇਸੇ ਗੱਲ ਵਿਚ ਹੀ ਹੈ ਕਿ ਹਰ ਪ੍ਰਾਣੀ ਖੰਡੇ ਦਾ ਅੰਮ੍ਰਿਤ ਛਕੇ, ਪੂਰੀ ਰਹਿਤ ਵਿਚ ਰਹੇ, ਨਿਤਨੇਮ ਕਰੇ, ਕੀਰਤਨ ਕਰੇ ਅਤੇ ਰੰਗੀਲਾ ਅਖੰਡ ਪਾਠੀ ਹੋਵੇ। ਅਜਿਹਾ ਵਿਅਕਤੀ ਆਪ ਨਿਹਾਲ ਹੋਵੇ ਅਤੇ ਵੱਡੇ



www.AKJ.Org

# ਸਥਿਤੀ ਸੁਖਾਵੀਂ ਕਿਸ ਤਰ੍ਹਾਂ ਹੋਵੇ ?

[ਗਿਆਨੀ ਭਜਨ ਸਿੰਘ ਜੀ, ਦਿੱਲੀ]

ਸ੍ਰੀਮਤੀ ਇੰਦਰਾ ਗਾਂਧੀ ਦੀ ਦਿੱਲੀ ਵਿਚ ਹੱਤਿਆ ਪਿਛੋਂ ਉਸੇ ਦਿਨ ਹੀ ਸਾਰੇ ਦੇਸ਼ ਵਿਚ ਸਿੱਖਾਂ ਤੇ ਹਮਲੇ ਸ਼ੁਰੂ ਹੋ ਗਏ। ਪਹਿਲਾਂ ਸੜਕਾਂ ਤੇ ਜਾਂਦੇ ਟਰੱਕ ਰੋਕੇ ਗਏ, ਕਾਰਾਂ ਤੇ ਸਕੂਟਰਾਂ, ਬੱਸਾਂ ਤੇ ਰੇਲ ਗੱਡੀਆਂ ਤੋਂ ਲਾਹ ਲਾਹ ਕੇ ਸਿੱਖਾਂ ਦੇ ਕੇਸ ਕਤਲ ਕੀਤੇ, ਤੇਲ ਪਾ ਕੇ ਸਾੜੇ ਗਏ ਤੇ ਅਗਲੇ ਦਿਨ ਇਕੋ ਵੇਲੇ ਇਕ ਤਰੀਕੇ ਨਾਲ ਦਿਲੀ, ਕਾਨਪੁਰ ਤੇ ਭਾਰਤ ਦੇ ਸੈਂਕੜੇ ਹੋਰ ਸ਼ਹਿਰਾਂ ਵਿਚ ਹਜ਼ਾਰਾਂ ਦੀਆਂ ਟੋਲੀਆਂ ਵਿਚ ਗੈਰ ਸਿੱਖ ਟੁੱਟ ਪਏ। ਪਹਿਲਾਂ ਗੁਰਦੁਆਰੇ ਸਾੜੇ, ਖਾਲਸਾ ਸਕੂਲ, ਕਾਲਜ ਭੰਨੇ ਤੇ ਫੂਕੇ। ਫਿਰ ਸਿੱਖ ਦੁਕਾਨਦਾਰਾਂ, ਵਪਾਰੀਆਂ ਤੇ ਕਾਰਖਾਨੇਦਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਇਹਦੇ ਨਾਲ ਹੀ ਮੁਹੱਲਿਆਂ ਤੇ ਕਾਲੋਨੀਆਂ ਵਿਚ ਇਕੋ ਜਿਹੀ ਸਮੱਗਰੀ ਤੇ ਹਥਿਆਰ ਲੈ ਕੇ ਹਮਲੇ ਸ਼ੁਰੂ ਹੋ ਗਏ। ਪਗੜੀ ਤੇ ਦਾਹੜੀ ਵਾਲੇ ਹਰ ਇਨਸਾਨ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਜੋ ਸਾਹਮਣੇ ਇਕਾ ਦੁਕਾ ਆ ਗਿਆ ਉਹਦਾ ਹੀ ਸ਼ਿਕਾਰ ਕਰ ਲਿਆ ਗਿਆ। ਕਰੋੜਾਂ ਗੈਰ ਸਿੱਖ ਹਿੰਦੁਸਤਾਨੀਆਂ ਦੇ ਸਾਹਮਣੇ ਇਸੇ ਦੇਸ਼ ਦੇ ਵਾਸੀਆਂ ਨੇ ਉਹਨਾਂ ਨੂੰ ਕਤਲ ਕੀਤਾ ਜਿਹਨਾਂ ਨਾਲ ਨਹੁੰ ਮਾਸ ਦਾ ਰਿਸ਼ਤਾ ਦਸਿਆ ਜਾਂਦਾ ਰਿਹਾ ਹੈ। ਉਹਨਾਂ ਸਿੱਖਾਂ ਨੂੰ ਵੀ ਨਹੀਂ ਬਖਸ਼ਿਆ ਜੋ ਸਿੱਖ ਧਰਮ ਦੇ ਘੇਰੇ ਤੋਂ ਬਾਹਰ ਹਨ। ਉਹਨਾਂ ਦਾ ਵੀ ਲਿਹਾਜ਼ ਨਹੀਂ ਕੀਤਾ ਜੋ ਗੁਰੂ-ਡੰਮ ਵਿਚ ਨਿਸਚਾ ਰਖਦੇ ਹਨ ਤੇ ਜਿਹਨਾਂ ਦੇ ਨੇਤਾ ਦਿਨ ਰਾਤ ਪਾਣੀ ਪੀ ਪੀ ਕੇ ਅਕਾਲੀਆਂ ਨੂੰ ਕੋਸ ਰਹੇ ਸਨ। ਇਸ ਘਲੂਘਾਰੇ ਦੀ ਅਗਵਾਈ ਗੈਰ ਸਿੱਖ ਕਾਂਗਰਸੀ ਨੇਤਾ ਕਰ ਰਹੇ ਸਨ ਤੇ ਜਾਂ ਪੁਲਸ ਦੇ ਰੀਕਾਰਡ ਵਿਚ ਜੋ ਸਮਾਜ ਵਿਰੋਧੀ ਅਨਸਰ ਦਰਜ ਹਨ, ਉਹਦੀ ਸੇਵਾ ਪ੍ਰਾਪਤ ਕੀਤੀ ਗਈ ਸੀ। ਸੈਂਕੜੇ ਦੁਖਦਾਈ ਘਟਨਾਵਾਂ ਲੋਕ ਸੁਣ ਚੁਕੇ ਹਨ ਤੇ ਹਜ਼ਾਰਾਂ ਅਜੇ ਕਿਸੇ ਨੇ ਸੁਣੀਆਂ ਨਹੀਂ, ਕਿਉਂਕਿ ਉਹਨਾਂ ਘਟਨਾਵਾਂ ਪਿਛੋਂ ਸੁਨਾਉਣ ਵਾਲਾ ਕੋਈ ਨਹੀਂ ਬਚਿਆ। ਕਈ ਥਾਵਾਂ ਦੀ ਦੁਖਭਰੀ ਵਿਥਿਆ ਤੇ ਵਾਪਰਿਆ-ਸੱਚ ਦਸਣ ਜੋਗਾ ਕੋਈ ਨਹੀਂ ਛਡਿਆ।

---

✿ ਸਿਖ ਪਰਵਾਰ ਨੂੰ ਨਿਹਾਲ ਕਰੇ।

ਅਖੰਡ-ਕੀਰਤਨੀ ਜਥੇ ਵੱਲੋਂ ਸਿੱਖ-ਪਨੀਰੀ ਅੰਦਰ ਤੱਤ ਸਿੱਖੀ ਜੀਵਨ ਲਈ ਲਗਨ ਅਤੇ ਪਿਆਰ ਪੈਦਾ ਕਰਨ ਦਾ ਇਹ ਅਸਰਦਾਰ (Effective) ਪ੍ਰੈਕਟੀਕਲ ਪਰਚਾਰ ਹੈ। ਇਸ ਉਪਰਾਲੇ ਵਿਚ ਸੇਵਾ ਕਰਨ ਵਾਲੇ ਅਵੱਸ਼ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਖੁਸੀਆਂ ਪ੍ਰਾਪਤ ਕਰਨਗੇ। ਕਲਗੀਧਰ ਪ੍ਰਾਤਸ਼ਾਹ ਜੀ ਨੇ ਗੁਰੂ ਪ੍ਰਾਇਣ ਹੋਏ ਹੋਏ ਖਾਲਸੇ ਦੀ ਹੀ ਸਿਵਾ ਕਰਨ ਦਾ ਫੁਰਮਾਨ ਕੀਤਾ ਹੈ; ਯਥਾ—

"ਸੇਵ ਕਰੀ ਇਨਹੀ ਕੀ ਭਾਵਤ, ਅਉਰ ਕੀ ਸੇਵ ਸੁਹਾਤ ਨ ਜੀ ਕੋ ॥
ਦਾਨ ਦਯੋ ਇਨਹੀ ਕੋ ਭਲੋ, ਅਰੁ ਆਨ ਕੋ ਦਾਨ ਨ ਲਾਗਤ ਨੀਕੋ ॥
ਆਗੈ ਫਲੈ ਇਨ ਹੀ ਕੋ ਦਯੋ, ਜਗ ਮੈ ਜਸੁ ਅਉਰ ਦਯੋ ਸਭ ਫੀਕੋ ॥
ਮੋ ਗ੍ਰਿਹ ਮੈ ਤਨ ਤੇ ਮਨ ਤੇ, ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ ॥"

ਲੁਧਿਆਣਾ ਅਖੰਡ-ਕੀਰਤਨ ਸਮਾਗਮ ਤੇ ਨਿਤਨੇਮ ਅਤੇ ਅਖੰਡ ਪਾਠ ਦੀ ਯੋਗਤਾ ਰੱਖਣ ਵਾਲੇ ੧੩ ਬੱਚੇ ਬੱਚੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਜੈਕਾਰਿਆਂ ਦੀ ਗੂੰਜ ਵਿਚ ਸੰਗਤ ਵੱਲੋਂ ਸੰਨਮਾਨਤ ਕੀਤਾ ਗਿਆ। ਇਨ੍ਹਾਂ ਗੁਰੂ ਪਿਆਰੀਆਂ ਰੂਹਾਂ ਵਿਚ ਸਭ ਤੋਂ ਛੋਟੀ ਉਮਰ ਵਾਲੀ (੧੩ ਕੁ ਸਾਲ ਦੀ) ਇਕੋ ਬੱਚੀ ਨੇ ਜ਼ਬਾਨੀ ਸੰਪੂਰਨ ਨਿਤਨੇਮ ਦੇ ਪਾਠ ਵਿਚ ਆਪਣੀ ਯੋਗਤਾ ਦਿਖਾ ਕੇ ਨਿਹਾਲ ਕੀਤਾ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ), ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਸ੍ਰੀ ਅੰਮ੍ਰਿਤਸਰ


www.AKJ.Org

## ਸੰਕਟ ਹੋਰ ਦੁਖਦਾਈ ਹੋਇਆ—

ਸਾਰੇ ਦੇਸ਼ ਵਿਚ ਕੁਝ ਕੁ ਗਿਣਤੀ ਦੇ ਥਾਂ ਛਡ ਕੇ ਦੁਖਾਂਤ ਵਾਪਰਿਆ। ਉਹ ਹੋਰ ਗੰਭੀਰ ਹੋ ਗਿਆ ਜਦੋਂ ਇਹ ਪਤਾ ਲੱਗਾ ਕਿ ਸਰਕਾਰੀ ਅਫਸਰ ਤੇ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧ ਤੇ ਦੇਸ ਦੇ ਆਗੂ ਵੀ ਸਥਿਤੀ ਸਾਹਮਣੇ ਬੇਬਸ ਹਨ ਜਾਂ ਜਾਣ ਬੁਝ ਕੇ ਕੁਝ ਕਰਨ ਲਈ ਤਿਆਰ ਨਹੀਂ। ਕਈ ਥਾਵਾਂ ਤੇ ਪੁਲਸ ਸਾਹਮਣੇ ਖੜੀ ਸੀ ਤੇ ਤਮਾਸ਼ਾ ਦੇਖਦੀ ਰਹੀ। ਕੁਝ ਥਾਵਾਂ ਤੇ ਇਉਂ ਹੋਇਆ ਕਿ ਲੋਕ ਭਜ ਕੇ ਪੁਲਸ ਪਾਸ ਪਹੁੰਚ ਗਏ ਤੇ ਪੁਲਸੀਆਂ ਨੇ ਉਹਨਾਂ ਨੂੰ ਸ਼ਰਨ ਦੇਣ ਤੋਂ ਇਨਕਾਰ ਕਰ ਦਿੱਤਾ। ਅਜਿਹੀਆਂ ਅੱਖੀਂ ਦੇਖੀਆਂ ਘਟਨਾਵਾਂ ਲੋਕ ਸੁਣਾਂਦੇ ਹਨ ਜਿਹਨਾਂ ਵਿਚ ਭੀੜ ਤੇ ਹਮਲਾਵਰਾਂ ਤੋਂ ਬਚ ਕੇ ਕੋਈ ਸਿੱਖ ਪੁਲਸ ਦੀ ਜੀਪ ਵਿਚ ਜਾ ਚੜ੍ਹਿਆ ਤੇ ਪੁਲਸੀਆਂ ਨੇ ਥਲੇ ਲਾਹ ਦਿਤਾ ਤੇ ਭੀੜ ਨੇ ਪੁਲਸ ਸਾਹਮਣੇ ਉਹਦੇ ਤੇ ਤੇਲ ਪਾ ਕੇ ਸਾੜ ਦਿੱਤਾ। ਸਿੱਖਾਂ ਨੂੰ ਯਕੀਨ ਹੋ ਗਿਆ ਕਿ ਪੁਲਸ ਸਾਡੀ ਰਾਖੀ ਲਈ ਨਹੀਂ, ਸਗੋਂ ਸਾਹਮਣੇ ਖੜੇ ਹੋ ਕੇ ਮਰਵਾਣ ਵਾਲੀ ਸ਼ਕਤੀ ਬਣ ਗਈ ਹੈ। ਜੇ ਕਿਸੇ ਘਿਰੇ ਹੋਏ ਸਿਖ ਪ੍ਰਵਾਰ ਨੇ ਥਾਣੇ ਵਿਚ ਫੋਨ ਕੀਤਾ ਤਾਂ ਕੋਈ ਮਦਦ ਨਹੀਂ ਪਹੁੰਚੀ। ਸਾਡੇ ਦੇਖਣ ਵਿਚ ਆਇਆ ਕਿ ਥਾਣੇ ਫੋਨ ਕੀਤਾ ਤਾਂ ਅਗੋਂ ਥਾਣੇਦਾਰ ਨੇ ਕਿਹਾ ਕਿ ਥਾਂ ਥਾਂ ਮਰ ਰਹੇ ਹਨ ਤੇ ਲੁਟਮਾਰ ਹੋ ਰਹੀ ਹੈ ਅਸੀਂ ਕਿਥੇ ਕਿਥੇ ਆਈਏ। ਦਿੱਲੀ ਵਿਚ ਲੋਕਾਂ ਨੇ ਕਾਂਗਸਰੀ ਨੇਤਾਵਾਂ ਨੂੰ ਫੋਨ ਕੀਤੇ, ਪਰ ਉਹ ਵੀ ਬੇਬਸ ਸਨ। ਰਾਜਧਾਨੀ ਵਿਚ ਤਾਂ ਕੇਂਦਰੀ ਵਜ਼ੀਰਾਂ ਤੇ ਇਥੋਂ ਤਕ ਕਿ ਰਾਸ਼ਟਰਪਤੀ ਭਵਨ ਤਕ ਫੋਨ ਗਏ ਪਰ ਸਭ ਥਾਂ ਇਹੋ ਜਵਾਬ ਸੀ ਕਿ ਅਸੀਂ ਕੁਝ ਮਦਦ ਨਹੀਂ ਕਰ ਸਕਦੇ। ਇਹ ਯਥਾਰਥ ਹੈ ਕਿ ਰਾਸ਼ਟਰਪਤੀ ਗਿ: ਜੈਲ ਸਿੰਘ, ਕੇਂਦਰੀ ਮੰਤਰੀ ਸ: ਬੂਟਾ ਸਿੰਘ ਤੇ ਪੰਜਾਬ ਦੇ ਸਾਬਕਾ ਮੁਖ ਮੰਤਰੀ ਸ: ਦਰਬਾਰਾ ਸਿੰਘ ਐਮ. ਪੀ., ਦਿੱਲੀ ਦੇ ਮੇਅਰ ਸ: ਮਹਿੰਦਰ ਸਿੰਘ ਸਾਥੀ ਤੇ ਸਿਖ ਕੌਂਸਲਰ, ਸਭ ਦੇ ਰਿਸ਼ਤੇਦਾਰ ਲੁੱਟੇ ਤੇ ਮਾਰੇ ਗਏ। ਜਦ ਕੇਂਦਰੀ ਮੰਤਰੀ ਤੇ ਰਾਸ਼ਟਰਪਤੀ ਭਵਨ ਤੋਂ ਵੀ ਜਵਾਬ ਮਿਲ ਗਏ ਤਾਂ ਲੋਕਾਂ ਨੂੰ ਸਮਝ ਆ ਗਈ ਕਿ ਹੁਣ ਕੋਈ ਸਰਕਾਰ, ਸਰਕਾਰੀ ਮਹਿਕਮਾ ਜਾਂ ਸਮਾਜਕ ਲੀਡਰਸ਼ਿਪ ਸਾਡੀ ਰਖਿਆ ਨਹੀਂ ਕਰ ਸਕਦੀ। ਇਸ ਸਥਿਤੀ ਦੀ ਸਮਝ ਪੈਂਦਿਆਂ ਘੋਰ ਨਿਰਾਸਤਾ ਦਾ ਵਾਤਾਵਰਣ ਫੈਲ ਗਿਆ।

## ਸਰਕਾਰੀ ਐਲਾਨਾਂ ਦਾ ਪ੍ਰਭਾਵ—

ਪਹਿਲੀ ਨਵੰਬਰ ਸ਼ਾਮ ਤਕ ਕਾਫੀ ਥਾਂ ਖੂਨ-ਖਰਾਬਾ ਤੇ ਤਬਾਹੀ ਹੋ ਚੁਕੀ ਸੀ, ਪਰ ਕਿਸੇ ਸਰਕਾਰੀ ਅਧਿਕਾਰੀ ਨੇ ਫਸਾਦੀਆਂ ਨੂੰ ਤਾੜਨਾ ਨਾ ਕੀਤੀ, ਕਿਸੇ ਨੇ ਫ਼ੌਜ ਨੂੰ ਹਰਕਤ ਵਿਚ ਨਾ ਲਿਆਂਦਾ। ਕਿਸੇ ਨੇ ਰੇਡੀਓ, ਟੀ. ਵੀ. ਤੋਂ ਸਖ਼ਤ ਸ਼ਬਦ ਨਾ ਆਖੇ। ਉਸੇ ਵੇਲੇ ਕਿਸੇ ਅਧਿਕਾਰੀ ਨੇ ਐਲਾਨ ਨਾ ਕੀਤਾ ਕਿ ਸਿੱਖਾਂ ਦੇ ਜਾਨ ਮਾਲ ਦੀ ਰਾਖੀ ਕੀਤੀ ਜਾਏਗੀ ਤੇ ਫਸਾਦੀਆਂ ਨਾਲ ਸਖਤੀ ਨਾਲ ਨਿਪਟਿਆ ਜਾਏਗਾ। ਦੋ ਨਵੰਬਰ ਨੂੰ ੪੮ ਘੰਟੇ ਬੀਤ ਜਾਣ ਪਿਛੋਂ ਗ੍ਰਹਿ ਮੰਤਰੀ ਸ੍ਰੀ ਨਰਸਿਮ੍ਹਾ ਰਾਓ ਦਾ ਬਿਆਨ ਆਇਆ। ਉਸ ਵਿਚ ਵੀ ਸਿਖਾਂ ਦੇ ਕਤਲਿਆਮ ਦੀ ਨਿਖੇਧੀ ਨਹੀਂ ਸੀ, ਸਗੋਂ ਫਸਾਦੀਆਂ ਨੂੰ ਅਪੀਲ ਸੀ ਕਿ ਹੁਣ ਬਹੁਤ ਕੁਝ ਹੋ ਚੁਕਿਆ ਹੈ, ਇਸ ਲਈ ਬੰਦ ਕਰ ਦਿੱਤਾ ਜਾਏ। ਇਹ ਬਿਆਨ ਵੀ ਸਿੱਖਾਂ ਨੂੰ ਢਾਰਸ ਦੇਣ ਦੀ ਥਾਂ ਹੋਰ ਨਿਰਾਸ਼ ਕਰਨ ਵਾਲਾ ਹੀ ਸਾਬਤ ਹੋਇਆ। ਸੁਣਨ ਵਿਚ ਆਇਆ ਹੈ ਕਿ ਰਾਸ਼ਟਰਪਤੀ ਭਵਨ ਤੋਂ ਗ੍ਰਹਿ ਵਜ਼ਾਰਤ ਨੂੰ ਇਹ ਸਲਾਹ ਪਹਿਲੀ ਨਵੰਬਰ ਨੂੰ ਹੀ ਦੇ ਦਿੱਤੀ ਗਈ ਸੀ ਕਿ ਫੌਜ ਸਦ ਲਈ ਜਾਏ, ਪਰ ਤਿੰਨ ਨਵੰਬਰ ਤੋਂ ਪਿਛੋਂ ਫੌਜ ਨੇ ਕੰਟਰੋਲ ਸੰਭਾਲਿਆ। ਫਿਰ ਹਾਲਾਤ ਕੰਟਰੋਲ ਵਿਚ ਹੋਣੇ ਸ਼ੁਰੂ ਹੋਏ। ਤਿੰਨ ਚਾਰ ਦਿਨਾਂ ਵਿਚ ਸਥਿਤੀ ਕਾਬੂ ਵਿਚ ਕੀਤੀ ਗਈ। ਹੁਣ ਸਿੱਖਾਂ ਨੂੰ ਦੇਸ਼ ਭਰ ਵਿਚ ਜਾਨ ਮਾਲ ਦੀ ਗਰੰਟੀ ਦੇਣ ਵਾਲੇ ਲੀਡਰਾਂ ਚੋਂ ਕਿਸੇ ਇਕ ਨੇ ਵੀ, ਪਹਿਲੀ ਨਵੰਬਰ ਤੋਂ ਦੋ ਮਹੀਨੇ ਦੇ ਸਮੇਂ ਵਿਚ, ਇਕ ਵਾਰ ਵੀ ਸਿੱਖਾਂ ਦਾ ਜਾਨੀ ਮਾਲੀ ਨੁਕਸਾਨ ਕਰਨ ਵਾਲਿਆਂ ਵਿਰੁਧ ਕਰੜੀ ਕਾਰਵਾਈ ਤਾਂ ਇਕ ਪਾਸੇ ਰਹੀ, ਤਾੜਨਾ ਵੀ ਨਹੀਂ ਕੀਤੀ।



www.AKJ.Org

## ੧੯ ਨਵੰਬਰ ਦੀ ਘਟਨਾ–

੧੯ ਨਵੰਬਰ ਸ੍ਰੀਮਤੀ ਇੰਦਰਾ ਗਾਂਧੀ ਦਾ ਜਨਮ ਦਿਨ ਸੀ ਤੇ ਉਹਦੀ ਹਤਿਆ ਪਿਛੋਂ ਜਨਮ ਦਿਨ ਵਾਲੇ ਦਿਨ ਇੰਡੀਆ ਗੇਟ ਨੇੜੇ ਬੋਟ ਕਲੱਬ ਇਕ ਸਮਾਗਮ ਕੀਤਾ ਗਿਆ। ਉਥੇ ਦੋ ਗੱਲਾਂ ਅਜਿਹੀਆਂ ਹੋਈਆਂ ਜਿਹਨਾਂ ਸਥਿਤੀ ਹੋਰ ਵਿਗਾੜ ਦਿੱਤੀ ਤੇ ਘਲੂਘਾਰੇ ਤੋਂ ਬਚ ਨਿਕਲੇ ਸਿੱਖਾਂ ਅੰਦਰ ਤੋਖਲਾ ਵਧ ਗਿਆ। ਪਹਿਲਾਂ ਤਾਂ ਜਦ ਦਿੱਲੀ ਦੇ ਮੇਅਰ ਤੇ ਉਘੇ ਕਾਂਗਰਸੀ ਨੇਤਾ ਸ: ਮਹਿੰਦਰ ਸਿੰਘ ਸਾਥੀ ਸ਼ਰਧਾਂਜਲੀ ਭੇਟ ਕਰਨ ਲਈ ਉਠੇ ਤਾਂ ਰਾਜੀਵ ਦੀ ਹਾਜ਼ਰੀ ਵਿਚ ਹਿੰਦੂ ਜਨ ਸਮੂਹ ਨੇ ਉਹਨਾਂ ਨੂੰ ਤਕਰੀਰ ਨਾ ਕਰਨ ਦਿੱਤੀ ਤੇ ਇਤਨਾ ਰੌਲਾ ਪਾਇਆ ਕਿ ਉਸ ਸਮੇਂ ਇਕ ਵਾਕ ਵੀ ਪੂਰਾ ਕਰਨਾ ਔਖਾ ਹੋ ਗਿਆ ਤੇ ਸਾਥੀ ਜੀ ਬਿਠਾ ਦਿੱਤੇ ਗਏ। ਇਸ ਪਿਛੋਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਤਕਰੀਰ ਕਰਨ ਲਈ ਉਠੇ ਤੇ ਉਹਨਾਂ ਨੇ ਦਿੱਲੀ ਦੇ ਮੇਅਰ ਨਾਲ ਕੀਤੇ ਗਏ ਮਾੜੇ ਵਰਤਾਉ ਵਿਰੁਧ ਕੋਈ ਸ਼ਬਦ ਨਾ ਆਖਿਆ। ਆਮ ਸਿੱਖਾਂ ਨੇ ਇਹ ਪ੍ਰਭਾਵ ਲਿਆ ਕਿ ਹੁਣ ਕਾਂਗਰਸੀ ਸਿੱਖ ਵੀ ਨਹੀਂ ਬਖਸ਼ੇ ਜਾਣਗੇ, ਦੂਜਿਆਂ ਨਾਲ ਇਸ ਤੋਂ ਵੀ ਮਾੜਾ ਵਰਤਾਉ ਹੋਏਗਾ। ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਭਾਸ਼ਣ ਦਾ ਇਹ ਵਾਕ ਵੀ ਲੋਕ ਕਦੇ ਨਹੀਂ ਭੁਲ ਸਕਦੇ ਕਿ ਜਦ ਕੋਈ ਵੱਡਾ ਰੁਖ ਡਿਗਦਾ ਹੈ ਤਾਂ ਧਰਤੀ ਹਿਲਦੀ ਹੀ ਹੈ। ਸਿੱਖਾਂ ਨੇ ਇਹਦਾ ਅਸਰ ਇਹ ਲਿਆ ਕਿ ਰਾਜੀਵ ਗਾਂਧੀ ਨੇ ਹੋਏ ਫਸਾਦਾਂ ਨੂੰ ਹੱਕੀ ਸਾਬਤ ਕਰਨ ਲਈ ਇਹ ਸ਼ਬਦ ਵਰਤੇ ਹਨ। ਪਤਾ ਨਹੀਂ ਕਿਸ ਸਲਾਹਕਾਰ ਦੀ ਇਹ ਰਾਏ ਸੀ, ਪਰ ਇਹਦਾ ਪ੍ਰਤੀਕਰਮ ਬਹੁਤ ਮਾੜਾ ਹੋਇਆ। ਸਿੱਖਾਂ ਵਿਚ ਅਣਸੁਖਾਵੀਂ ਸਥਿਤੀ ਦਾ ਅਨੁਭਵ ਹੋਰ ਡੂੰਘਾ ਹੋ ਗਿਆ।

## ਦੋਸ਼ੀ ਸਾਹਮਣੇ ਛੁਡਾਏ ਗਏ–

ਜਦ ਫੌਜ ਨੇ ਆ ਕੇ ਸਥਿਤੀ ਤੇ ਕਾਬੂ ਪਾਇਆ ਤੇ ਪੁਲਸ ਨੂੰ ਕਹਿ ਕੇ ਫੜਨਾ ਸ਼ੁਰੂ ਕੀਤਾ ਤਾਂ ਬਥੇਰੀਆਂ ਥਾਵਾਂ ਤੋਂ ਲੁੱਟ ਦਾ ਕਰੋੜਾਂ ਰੁਪਏ ਦਾ ਮਾਲ ਨਿਕਲ ਆਇਆ। ਭਾਵੇਂ ਉਹ ਲਭਿਆ ਸਮਾਨ ਪੂਰਾ ਰੀਕਾਰਡ ਵੀ ਨਹੀਂ ਹੋਇਆ, ਪਰ ਫਿਰ ਵੀ ਬਹੁਤ ਸਾਰੇ ਸਬੂਤ ਅਜਿਹੇ ਮਿਲ ਗਏ ਕਿ ਲੁੱਟਮਾਰ ਕਿਸ ਕਿਸ ਖੇਤਰ ਨੇ ਕੀਤੀ ਹੈ। ਸੈਂਕੜੇ ਬੰਦੇ ਪੁਲਸ ਥਾਣਿਆਂ ਵਿਚ ਲੈ ਆਂਦੇ ਗਏ। ਕਈ ਥਾਣਿਆਂ ਵਿਚ ਨਾਲ ਲਗਦੇ ਕਮਰਿਆਂ ਵਿਚ ਫਸਾਦ ਪੀੜਤ ਠਹਿਰੇ ਹੋਏ ਸਨ ਤੇ ਦੂਜੀ ਬੈਠਕ ਜਾਂ ਹਵਾਲਾਤ ਵਿਚ ਉਹਨਾਂ ਨੂੰ ਲੁੱਟਣ ਤੇ ਮਾਰਨ ਵਾਲੇ ਪਹੁੰਚ ਗਏ। ਕੁਝ ਧਾਰਸ ਹੋਈ ਕਿ ਸ਼ਾਇਦ ਹੁਣ ਇਹਨਾਂ ਨੂੰ ਕੀਤੇ ਦੀ ਕੁਝ ਨਾਂ ਮਾਤਰ ਸਜ਼ਾ ਮਿਲ ਜਾਏਗੀ, ਪਰ ਸਿੱਖਾਂ ਦੇ ਹਿਰਦੇ ਫੇਰ ਛਨਣੀ ਛਨਣੀ ਹੋ ਗਏ ਜਦੋਂ ਕਾਂਗਰਸੀ ਲੀਡਰਾਂ ਦੇ ਫੋਨ ਆਉਣ ਲੱਗ ਪਏ ਤੇ ਕੁਝ ਹੀ ਘੰਟੇ ਪਿਛੋਂ ਕਾਂਗਰਸੀ ਨੇਤਾ ਆਪ ਆ ਕੇ ਸਿੱਖਾਂ ਦੇ ਕਾਤਲਾਂ ਤੇ ਲੁੱਟਣ ਵਾਲਿਆਂ ਨੂੰ ਛੁਡਾ ਕੇ ਲੈ ਗਏ। ਫਸਾਦ ਪੀੜਤ ਤਾਂ ਥਾਣਿਆਂ ਵਿਚ ਹੀ ਬੈਠੇ ਸਨ, ਪਰ ਕਾਤਲਾਂ ਨੇ ਮੁੜ ਕੇ ਮੁਹੱਲਿਆਂ ਕਾਲੋਨੀਆਂ ਵਿਚ ਬੜਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

## ਪੰਜਾਬ ਵਲ ਮੂੰਹ ਕਿਉਂ ਹੋਇਆ ?–

ਜਦ ਸਿੱਖਾਂ ਨੇ ਦੇਖ ਲਿਆ ਕਿ ਭਾਵੇਂ ਕੋਈ ਅੰਗ ਰਖਿਅਕ ਪੁਲਸੀਆ ਹੀ ਦੇਸ਼ ਦੇ ਕਿਸੇ ਨੇਤਾ ਨੂੰ ਗੋਲੀ ਮਾਰੇ ਤਾਂ ਸਜ਼ਾ ਪੂਰੀ ਕੌਮ ਨੂੰ ਦਿੱਤੀ ਜਾਣੀ ਹੈ। ਨਿਰਦੋਸ਼ਾਂ ਨੂੰ ਕਿਸੇ ਇਕ ਦੋ ਵਿਅਕਤੀਆਂ ਦੇ ਕਰਮ ਲਈ ਜ਼ੁਮੇਵਾਰ ਠਹਿਰਾਇਆ ਜਾਣਾ ਹੈ ਤਾਂ ਸਿੱਖਾਂ ਵਿਚ ਅਸੰਤੁਸ਼ਟਤਾ, ਘਬਰਾਹਟ ਤੇ ਆਪਣੀ ਸੁਰਖਿਆ ਦੀ ਚਿੰਤਾ ਪਰਬਲ ਹੋ ਗਈ। ਕੁਝ ਪੰਜਾਬ ਤੋਂ ਰਿਸ਼ਤੇਦਾਰਾਂ ਨੇ ਧਾਰਸ ਦਿੱਤਾ ਤੇ ਪੰਜਾਬ ਵਾਸੀਆਂ ਨੇ ਦੁਖ ਵੰਡਾਣ ਲਈ ਪੇਸ਼ਕਸ਼ ਕਰ ਦਿੱਤੀ। ਪੰਜਾਬ ਵਿਚ ਉਹ ਖੂਨੀ ਹਨੇਰੀ ਨਹੀਂ ਸੀ ਝੁਲੀ ਜੋ ਬਾਕੀ ਸਾਰੇ ਦੇਸ਼ ਵਿਚ ਝੁਲ ਗਈ ਸੀ।

ਸਿੱਖ ਵਾਪਸ ਆਪਣੇ ਘਰਾਂ ਵਿਚ ਦੂਜੇ ਸੂਬਿਆਂ ਵਿਚ ਜਾਣ ਲਈ ਵੱਡੀ ਗਿਣਤੀ ਵਿਚ ਇਸ ਲਈ ਤਿਆਰ ਨਹੀਂ ਕਿਉਂਕਿ ਸਰਕਾਰ ਨੇ ਅੱਗੇ ਜਾਨ ਮਾਲ ਦੀ ਰਾਖੀ ਦਾ ਆਪਣਾ ਫਰਜ਼ ਪੂਰਾ ਨਹੀਂ ਕੀਤਾ, ਸਗੋਂ ਵਾੜ ਹੀ ਖੇਤ ਨੂੰ ਖਾਣ ਲੱਗ ਪਈ ਸੀ। ਫਿਰ ਵੀ ਜੋ ਸੁਖਾਵਾਂ ਵਾਤਾਵਰਣ ਚਾਹੁੰਦੇ ਹਨ, ਉਹਨਾਂ ਨੇ ਸਾਰੇ ਮਾਹੌਲ



www.AKJ.Org

ਤੇ ਵਿਚਾਰ ਕਰ ਕੇ ਇਸ ਤਰ੍ਹਾਂ ਦੇ ਸੁਝਾਅ ਪੇਸ਼ ਕੀਤੇ ਹਨ :—

(੧) ਸਰਕਾਰ ਇਹ ਮੰਨੇ ਕਿ ਪਹਿਲਾਂ ਉਹ ਲੋਕਾਂ ਦੇ ਜਾਨ ਮਾਲ ਦੀ ਰਾਖੀ ਦਾ ਫਰਜ਼ ਪੂਰਾ ਨਹੀਂ ਕਰ ਸਕੀ, ਪਰ ਅੱਗੋਂ ਕਰੇਗੀ।

(੨) ਜਿਹੜੇ ਦੋਸ਼ੀਆਂ ਤੇ ਕਾਤਲਾਂ ਵਿਰੁਧ ਪਹਿਲਾਂ ਥਾਣਿਆਂ ਵਿਚ ਰਿਪੋਰਟਾਂ ਦਰਜ ਹਨ, ਉਹਨਾਂ ਵਿਰੁਧ ਕਾਰਵਾਈ ਕੀਤੀ ਜਾਏ। ਜਿਹੜੀਆਂ ਔਰਤਾਂ ਨੇ ਐਫ. ਆਈ. ਆਰ. ਵਿਚ ਲਿਖਾਇਆ ਹੈ ਕਿ ਉਹਨਾਂ ਦੇ ਪਤੀ, ਪੁੱਤਰ ਜਾ ਭਰਾ ਕਿਸ ਕਿਸ ਬੰਦੇ ਨੇ ਕਤਲ ਕੀਤੇ ਹਨ, ਉਹਨਾਂ ਵਿਰੁਧ ੩੦੨ ਦਫਾ ਦੇ ਕੇਸ ਬਣਾ ਕੇ ਗ੍ਰਿਫਤਾਰੀਆਂ ਪਾਈਆਂ ਜਾਣ। ਜਦ ਤਕ ਕਾਤਲ ਖੁਲ੍ਹੇ ਗਲੀਆਂ ਬਜ਼ਾਰਾਂ ਵਿਚ ਫਿਰਦੇ ਹਨ, ਸਿੱਖ ਪ੍ਰਵਾਰ ਕਿਸ ਤਰ੍ਹਾਂ ਆਪਣੇ ਘਰਾਂ ਵਿਚ ਵਾਪਸ ਜਾ ਸਕਦੇ ਹਨ ?

(੩) ਸਰਕਾਰ ਦੀ ਇਕ ਰਿਪੋਰਟ ਵਿਚ ਦਸਿਆ ਗਿਆ ਹੈ ਕਿ ਦਿੱਲੀ ਵਿਚ ਫਸਾਦ ਕਰਨ ਵਾਲਿਆਂ ਚੋਂ ੧੯੦੦ ਗ੍ਰਿਫਤਾਰ ਕੀਤੇ ਗਏ ਹਨ, ਪਰ ਇਹ ਨਹੀਂ ਦਸਿਆ ਕਿ ਕਿਸ ਦਫਾ ਹੇਠ ਫੜੇ ਹਨ ? ਬਹੁਤੇ ਬੰਦੇ ਕੇਵਲ ਖਾਨਾਪੂਰਤੀ ਕਰਨ ਲਈ ਦਫਾ ੧੦੭, ੧੫੦ ਅਧੀਨ ਗ੍ਰਿਫਤਾਰ ਕਰਕੇ ਉਸੇ ਵੇਲੇ ਛਡ ਦਿੱਤੇ ਗਏ। ਸਿੱਖਾਂ ਨੂੰ, ਤਾਂ ਸੰਤੁਸ਼ਟਤਾ ਹੁੰਦੀ ਜੇਕਰ ਕਤਲ ਦੇ ਦੋਸ਼ ਵਿਚ ਹਜ਼ਾਰ ਕੁ ਆਦਮੀ ਫੜੇ ਹੁੰਦੇ ਤੇ ਛੇ ਛੇ ਮਹੀਨੇ ਜ਼ਮਾਨਤਾਂ ਨਾ ਹੁੰਦੀਆਂ।

(੪) ਜੇਕਰ ਭੂਪਾਲ ਗੈਸ ਦੇ ਪ੍ਰਭਾਵ ਨਾਲ ਮਰਨ ਵਾਲਿਆਂ ਨੂੰ ਮੁਆਵਜ਼ਾ ਦਿਤਾ ਜਾ ਸਕਦਾ ਹੈ ਤਾਂ ਸਿੱਖਾਂ ਚੋਂ ਫਸਾਦਾਂ ਵਿਚ ਮਰਨ ਵਾਲਿਆਂ ਨੂੰ ਕਿਉਂ ਮੁਆਵਜ਼ਾ ਨਹੀਂ ਮਿਲ ਸਕਦਾ ? ਜੇਕਰ ਸਰਕਾਰ ਐਲਾਨ ਕਰੇ ਕਿ ਹਰ ਮਰਨ ਵਾਲੇ ਦੇ ਵਾਰਸਾਂ ਨੂੰ ਦਸ ਦਸ ਲੱਖ ਮਿਲੇਗਾ ਤਾਂ ਲੋਕਾਂ ਨੂੰ ਆਸ ਹੋ ਸਕਦੀ ਹੈ ਕਿ ਅਗੋਂ ਸਰਕਾਰ ਅਜਿਹਾ ਨਹੀਂ ਕਰਨ ਦੇਵੇਗੀ।

(੫) ਇਕ ਉਚ ਅਧਿਕਾਰੀ ਪੜਤਾਲ ਕਮਿਸ਼ਨ, ਨਵੰਬਰ ਦੇ ਪਹਿਲੇ ਹਫਤੇ ਹੋਏ ਫਸਾਦਾਂ ਦੀ ਪੜਤਾਲ ਲਈ, ਨਿਯੁਕਤ ਕੀਤਾ ਜਾਏ ਤੇ ਜਿਹੜਾ ਜਿਹੜਾ ਦੋਸ਼ੀ ਸਾਬਤ ਹੋਏ ਉਹਨੂੰ ਸਜ਼ਾ ਦੇਣ ਦਾ ਐਲਾਨ ਹੋ ਜਾਏ।

(੬) ਜਿਹੜੀਆਂ ਦੁਕਾਨਾਂ, ਫੈਕਟਰੀਆਂ ਜਾ ਟਰੱਕਾਂ ਨੂੰ ਤਬਾਹ ਕੀਤਾ ਗਿਆ ਹੈ, ਉਹਨਾਂ ਦਾ ਮੁਆਵਜ਼ਾ ਦਿੱਤਾ ਜਾਏ। ਇਹ ਟਰਕਾਣ ਵਾਲੀ ਗੱਲ ਹੈ ਕਿ ਬੈਂਕਾਂ ਤੋਂ ਨਵੇਂ ਕਰਜ਼ੇ ਲੈ ਕੇ ਨਵੇਂ ਸਿਰੇ ਕੰਮ ਸ਼ੁਰੂ ਕਰੋ। ਜੇਕਰ ਪਹਿਲਾਂ ਖਲਾਰੇ ਹੋਏ ਕੰਮ ਤਬਾਹ ਕਰ ਦਿਤੇ ਹਨ ਤਾਂ ਨਵੇਂ ਸ਼ੁਰੂ ਕਰਨ ਲਈ ਹਿੰਮਤ ਕਿਵੇਂ ਪੈਦਾ ਹੋਵੇ ? ਇਸ ਲਈ ਪਹਿਲਾਂ ਸੁਖਾਵਾਂ ਵਾਤਾਵਰਣ ਤੇ ਪਹਿਲੇ ਹੋਏ ਫਸਾਦਾਂ ਦਾ ਮੁਆਵਜ਼ਾ ਦਿਤਾ ਜਾਏ ਤਾਂ ਬਹੁਤੇ ਲੋਕ ਸ਼ਾਇਦ ਵਾਪਸ ਪੰਜਾਬ ਤੋਂ ਬਾਹਰ ਆਪਣੇ ਘਰਾਂ ਵਿਚ ਜਾਣ ਲਈ ਤਿਆਰ ਹੋ ਜਾਣ। —ਅਜੀਤ, ੧੪-੧-੮੫

---

# ਭਾਈ ਦਰਸ਼ਨ ਸਿੰਘ ਐਸ.ਡੀ.ਓ. ਦੇ ਵਡੇ ਵੀਰ ਚਲ ਵਸੇ

ਭਾਈ ਦਰਸ਼ਨ ਸਿੰਘ ਜੀ ਐਸ.ਡੀ.ਓ. ਪੁਤਲੀਘਰ ਅੰਮ੍ਰਿਤਸਰ ਦੇ ਵਡੇ ਵੀਰ ਸ: ਮਹਿੰਦਰ ਸਿੰਘ ਐਡੀਸ਼ਨਲ ਰਜਿਸਟ੍ਰਾਰ ਕਮ-ਪ੍ਰਿੰਸੀਪਲ ਸੈਕਟਰੀ ਟੂ ਚੀਫ ਜਸਟਿਸ ਹਾਈਕੋਰਟ ਪੰਜਾਬ ਤੇ ਹਰਿਆਣਾ ਵਿਛੋੜਾ ਦੇ ਗਏ।

ਇਸ ਉਚੇ ਅਹੁਦੇ ਤੇ ਹੁੰਦਿਆਂ ਹੋਇਆਂ ਵੀ ਆਪ ਗੁਰੂ ਘਰ ਦੇ ਅਨਿੰਨ ਸ਼ਰਧਾਲੂ ਸੇਵਕ ਸਨ। ਨੌਕਰੀ ਕਰਦਿਆਂ ਸਟੈਨੋ ਤੋਂ ਸ਼ੁਰੂ ਕਰਕੇ ਨਾਲੋ ਨਾਲ ਇਮਤਿਹਾਨ ਦੇਂਦੇ ਰਹੇ ਤੇ ਇਸ ਉਚ ਪਦਵੀ ਤੇ ਪਹੁੰਚ ਗਏ। ਜਿਥੇ ਆਪ ਪੰਜਾਂ ਬਾਣੀਆਂ ਦੇ ਨਿਤਨੇਮੀ ਸਨ ਉਥੇ ਰੋਜ਼ਾਨਾ ਗੁਰੂ ਦਰਬਾਰ ਦੀ ਹਾਜ਼ਰੀ ਭਰਦੇ ਸਨ। ਆਪ ਜੋੜਿਆਂ ਦੀ ਵੀ ਸੇਵਾ ਕਰਦੇ। ੩੦ ਦਸੰਬਰ ੧੯੮੪ ਨੂੰ ਦਿਲੀ ਜਾਂਦਿਆਂ ਅੰਬਾਲੇ ਤੋਂ ਅਗੇ ਆਪ ਦੀ ਕਾਰ ਦਾ ਬਸ ਨਾਲ ਹਾਦਸਾ ਹੋ ਗਿਆ। ਆਪ ਮੌਕੇ ਤੇ ਹੀ ਅਕਾਲ ਚਲਾਣਾ ਕਰ ਗਏ। ਓਦੋਂ ਆਪ ਦੇ ਜੁੜੇ ਹੱਥਾਂ ਵਿਚ ਸੁਖਮਨੀ ਸਾਹਿਬ ਦਾ ਗੁਟਕਾ ਜੀ, ਜਿਸ ਤੋਂ ਆਪ ਪਾਠ ਕਰ ਰਹੇ ਸਨ। ਸਤਿਗੁਰੂ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਪਰਦਾਨ ਕਰਨ।



www.AKJ.Org

# ਦੋਸ਼ੀ ਕੌਣ ਹੈ ?

[ਸ: ਹਰਬੀਰ ਸਿੰਘ "ਭੰਵਰ", ਟ੍ਰਿਬਿਊਨ ਸਬ-ਆਫ਼ਿਸ, ਹਾਲ ਬਜ਼ਾਰ, ਅੰਮ੍ਰਿਤਸਰ]

..... ਪੰਜਾਬ ਵਿਚ ਅਸੀਂ ਪਿਛਲੇ ਤਿੰਨ ਸਾਲਾਂ ਤੋਂ ਦੇਖ ਰਹੇ ਹਾਂ ਕਿ ਕਿਵੇਂ ਨਿਰਦੋਸ਼ ਸਿੰਘਾਂ ਨੂੰ ਝੂਠੇ ਕੇਸਾਂ ਵਿਚ ਫਸਾਇਆ ਜਾ ਰਿਹਾ ਹੈ, ਤਸੀਹੇ ਦਿਤੇ ਜਾ ਰਹੇ ਹਨ, ਝੂਠੇ ਪੋਲੀਸ ਮੁਕਾਬਲਿਆਂ ਵਿਚ ਸ਼ਹੀਦ ਕੀਤਾ ਜਾ ਰਿਹਾ ਹੈ, ਉਨ੍ਹਾਂ ਦੇ ਪ੍ਰੀਵਾਰਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਕਿਵੇਂ ਕਥਿਤ ਅਤਿਵਾਦੀਆਂ ਨੂੰ ਪਕੜਨ ਦੇ ਬਹਾਨੇ ਸ੍ਰੀ ਦਰਬਾਰ ਸਾਹਿਬ ਅਤੇ ਹੋਰ ਪਾਵਨ ਗੁਰਧਾਮਾਂ ਤੇ ਫੌਜੀ ਹਮਲਾ ਕੀਤਾ ਗਿਆ, ਨਿਰਦੋਸ਼ਾਂ ਨੂੰ ਸ਼ਹੀਦ ਕੀਤਾ ਗਿਆ।

ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਦੁਖਦਾਈ ਮੌਤ ਪਿਛੋਂ ਦਿੱਲੀ ਅਤੇ ਦੇਸ਼ ਦੇ ਹੋਰ ਭਾਗਾਂ, ਜਿਥੇ ਕਾਂਗਰਸ (ਆਈ) ਦਾ ਰਾਜ ਹੈ, ਵਿਚ ਜੋ ਘਟਨਾਵਾਂ ਹੋਈਆਂ ਹਨ, ਉਨ੍ਹਾਂ ਨੂੰ ਲੋਕਾਂ ਦੇ ਦੁਖ ਦਾ ਗੁਸਾ ਨਹੀਂ ਕਿਹਾ ਜਾ ਸਕਦਾ। ਇਹ ਹੁਕਮਰਾਨ ਪਾਰਟੀ ਦੀ ਸ਼ਹਿ ਉਤੇ ਪੋਲੀਸ ਅਤੇ ਪ੍ਰਸ਼ਾਸਨ ਦੀ ਮਿਲੀ-ਭੁਗਤ ਨਾਲ "ਸਿੱਖਾਂ ਨੂੰ ਸਬਕ ਸਿਖਾਉਣ ਲਈ" ਪੂਰੀ ਯੋਜਨਾ-ਬਧ ਤਰੀਕੇ ਨਾਲ ਹੋਈਆਂ ਹਨ। ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰੀ ਇਕ ਧਰਮ ਦੇ ਫ਼ਿਰਕੂ ਅਤੇ ਗੁੰਡਾ ਅੰਸਰਾਂ ਵਲੋਂ ਦੂਜੇ ਧਰਮ ਤੇ ਲੋਕਾਂ ਨੂੰ ਇਤਨੇ ਵਡੇ ਪੈਮਾਨੇ ਤੇ ਜ਼ਿੰਦਾ ਸਾੜਿਆ ਗਿਆ, ਕੋਹ ਕੋਹ ਕੇ ਮਾਰਿਆ ਗਿਆ। ਮਾਵਾਂ ਸਾਹਮਣੇ ਉਨ੍ਹਾਂ ਦੇ ਬੱਚਿਆਂ ਨੂੰ ਅੱਗ ਵਿਚ ਜ਼ਿੰਦਾ ਹੀ ਭੜਥੇ ਵਾਂਗੂ ਭੁੰਨ ਦਿੱਤਾ ਗਿਆ ਹੈ। ਬੀਬੀਆਂ ਦੀ ਬੇਪਤੀ ਕੀਤੀ ਗਈ। ਇਨ੍ਹਾਂ ਘਟਨਾਵਾਂ ਨੇ ਮੁਗਲਾਂ ਨੂੰ ਵੀ ਮਾਤ ਪਾ ਦਿੱਤਾ ਹੈ। ਮੈਂ ਤਾਂ ਸਮਝਦਾ ਹਾਂ ਕਿ ਦੁਨੀਆ ਵਿਚ ਕਿਸੇ ਧਰਮ ਉਤੇ ਹੋਏ ਸਾਰੇ ਜ਼ੁਲਮਾਂ ਨੂੰ ਹੀ ਮਾਤ ਪਾ ਦਿੱਤਾ ਹੈ। ੧੯੪੭ ਵਿਚ ਦੇਸ਼ ਵੰਡ ਸਮੇਂ ਵੀ ਇਸ ਤਰ੍ਹਾਂ ਦਾ ਵਹਿਸ਼ੀਆਨਾ ਕਤਲੇ-ਆਮ ਨਹੀਂ ਹੋਇਆ।

ਦਿੱਲੀ ਦੀਆਂ ਘਟਨਾਵਾਂ ਬਾਰੇ ਦੋ ਗ਼ੈਰ-ਸਿਆਸੀ ਸੰਸਥਾਵਾਂ, 'ਪੀਪਲਜ਼ ਯੂਨੀਅਨ ਫ਼ਾਰ ਡੈਮੋਕਰੇਟਿਕ ਰਾਈਟਸ' ਅਤੇ 'ਪੀਪਲਜ਼ ਯੂਨੀਅਨ ਫ਼ਾਰ ਸਿਵਲ ਲਿਬਰਟੀਜ਼', ਜਿਨ੍ਹਾਂ ਵਿਚ ਸ਼ਾਇਦ ਇਕ ਮੈਂਬਰ ਵੀ ਸਿੱਖ ਨਹੀਂ, ਵਲੋਂ ਅਸਲੀਅਤ ਅਤੇ ਤੱਥਾਂ ਉਤੇ ਅਧਾਰਿਤ ਇਕ ਨਿਰਪੱਖ ਰੀਪੋਰਟ "ਹੂ ਆਰ ਗਿਲਟੀ ?" (ਦੋਸ਼ੀ ਕੌਣ ਹਨ ?) ਜੋ ਅੰਗਰੇਜ਼ੀ ਵਿਚ ੫੪ ਸਫ਼ੇ ਦੀ ਹੈ, ਦਾ ਸੰਖੇਪ ਸਾਰੰਸ਼ ਦੇ ਰਿਹਾ ਹਾਂ, ਤਾਂ ਜੁ ਪਾਠਕ ਸਹੀ ਤੱਥਾਂ ਤੋਂ ਜਾਣੂ ਹੋ ਸਕਣ। ਇਹ ਰੀਪੋਰਟ ਚਸ਼ਮਦੀਦ ਗਵਾਵਾਂ, ਹਾਲਤ ਦੇ ਮੌੜ, ਪੀੜਤ ਵਿਅਕਤੀਅਤਾਂ, ਫੌਜੀ ਅਧਿਕਾਰੀਆਂ, ਸਿਆਸੀ ਅਤੇ ਵਿਰੋਧੀ ਪਾਰਟੀਆਂ ਦੇ ਲੀਡਰਾਂ ਨਾਲ ਮੁਲਾਕਾਤਾਂ ਕਰਕੇ, ਅਖਬਾਰਾਂ ਦੀਆਂ ਰੀਪੋਰਟਾਂ ਅਤੇ ਦਿਲੀ ਦੇ ਵੱਖ ਵੱਖ ਫਸਾਦ-ਗ੍ਰਸਤ ਇਲਾਕਿਆਂ ਵਿਚ ਸਾਂਝੀ ਟੀਮ ਨੇ ਦੌਰਾ ਕਰ ਕੇ ਤਿਆਰ ਕੀਤੀ ਹੈ। ਜਿਸ ਪਾਗਲਪਨ ਨੇ ਦਿੱਲੀ ਨੂੰ ਗ੍ਰਸ ਲਿਆ ਅਤੇ ਫ਼ਿਰਕੂ ਫ਼ਸਾਦ ਹੋਏ, ਬਾਰੇ ਵੇਰਵਾ ਹੈ, ਕਿਉਂਕਿ ਦੋਨੋਂ ਸੰਸਥਾਵਾਂ ਦਾ ਯਕੀਨ ਹੈ ਕਿ ਇਹ ਘਲੂਘਾਰਾ ਇਕ-ਦਮ ਹੋਏ ਦੁੱਖ ਜਾਂ ਗਮ ਦਾ ਪ੍ਰਗਟਾਵਾ ਨਹੀਂ ਹੋ ਸਕਦਾ।

ਇਨ੍ਹਾਂ ਸਭ ਥਾਵਾਂ ਤੇ ਫਸਾਦਾਂ ਦਾ ਇਕੋ ਜਿਹਾ ਪੈਟਰਨ ਸੀ। ਪਹਿਲਾਂ ਇਹ ਅਫਵਾਹ ਕਿ ਸਿੱਖ ਖੁਸ਼ੀ ਵਿਚ ਮਠਿਆਈਆਂ ਵੰਡ ਰਹੇ ਹਨ, ਲਗ-ਪਗ ਕਿਤੇ ਵੀ ਕਿਸੇ ਨੂੰ ਸੱਚੀ-ਮੁਚੀ ਮਠਿਆਈ ਵੰਡਦਿਆਂ ਨਹੀਂ ਵੇਖਿਆ, ਦੂਜੀ ਇਹ ਅਫਵਾਹ ਕਿ ਪੰਜਾਬ ਤੋਂ ਹਿੰਦੂਆਂ ਦੀਆਂ ਲਾਸ਼ਾਂ ਨਾਲ ਭਰੀਆਂ ਗੱਡੀਆਂ ਪੁਰਾਣੀ ਦਿੱਲੀ ਦੇ ਰੇਲਵੇ ਸਟੇਸ਼ਨ ਤੇ ਪੁਜ ਗਈਆਂ ਹਨ ਅਤੇ ਤੀਜੇ ਕਿ ਪੀਣ ਵਾਲੇ ਪਾਣੀ ਵਿਚ ਜ਼ਹਿਰ ਪਾ ਦਿੱਤਾ ਗਿਆ ਹੈ, ਪੀ. ਯੂ. ਸੀ. ਐਲ. ਅਤੇ ਪੀ. ਯੂ. ਡੀ. ਆਰ. ਟੀਮਾਂ ਨੇ ਸੰਬੰਧਤ ਇਲਾਕਿਆਂ ਦਾ ਦੌਰਾ ਕਰਦਿਆਂ ਖ਼ੁਦ ਪੋਲੀਸ ਨੂੰ ਜੀਪਾਂ ਵਿਚ ਲਾਊਡ-ਸਪੀਕਰ ਫ਼ਿਟ ਕਰ ਕੇ ਇਸ ਸੰਬੰਧੀ ਅਨਾਊਸਮੈਂਟ ਕਰਦਿਆਂ ਸੁਣਿਆ ਹੈ। (ਤਿੰਨ ਨਵੰਬਰ ਦੇ ਸਟੇਟਸਮੈਨ ਅਖ਼ਬਾਰ ਅਨੁਸਾਰ ਕੁਝ ਸਥਾਨਕ ਲੀਡਰ ਵੀ ਇਸ ਤਰ੍ਹਾਂ ਦੀ ਘੋਸ਼ਣਾ ਕਰਦੇ ਰਹੇ)। ਇਸ ਤਰ੍ਹਾਂ ਦੀ ਵਿਗੜੀ ਹੋਈ ਸਥਿਤੀ ਵਿਚ ਬਹੁਤੇ ਲੋਕ ਅਫਵਾਹਾਂ ਤੇ ਯਕੀਨ ਕਰ ਲੈਂਦੇ ਹਨ, ਜਿਸ



www.AKJ.Org

ਨਾਲ ਸਥਿਤੀ ਹੋਰ ਵਿਗੜ ਜਾਂਦੀ ਹੈ।

ਕਤਲੇਆਮ ਦਿੱਲੀ ਦੇ ਮੁੜ-ਵਸੇਬੇ ਦੇ ਇਲਾਕਿਆਂ—ਖਾਸ ਕਰ ਤ੍ਰਿਲੋਕਪੁਰੀ, ਸੁਲਤਾਨਪੁਰੀ ਅਤੇ ਮੰਗੋਲਪੁਰੀ ਵਿਚ ਹੋਇਆ, ਜਿਥੇ ਹਿੰਦੂ ਅਤੇ ਸਿੱਖਾਂ ਦੀ ਮਿਲਵੀਂ-ਜੁਲਵੀਂ ਵਸੋਂ ਹੈ ਅਤੇ ਉਹ ਫਸਾਦਾਂ ਤੋਂ ਪਹਿਲਾਂ ਸਦਭਾਵਨਾ ਨਾਲ ਰਹਿੰਦੇ ਸਨ। ਇਹ ਗੱਲ ਮਹੱਤਵਪੂਰਨ ਹੈ ਕਿ ਇਨ੍ਹਾਂ ਇਲਾਕਿਆਂ ਦੇ ਲੋਕ ਕਾਂਗਰਸ (ਆਈ) ਦੇ ਸਮਰਥਕ ਰਹੇ ਹਨ। ਹਜੂਮ ਦੀ ਅਗਵਾਈ ਦਿੱਲੀ ਨਗਰ ਦੇ ਮੈਂਬਰ, ਕਾਂਗਰਸ ਦੇ ਮੈਂਬਰ-ਪਾਰਲੀਮੈਂਟ, ਕਾਂਗਰਸ ਦੇ ਵਰਕਰ ਅਤੇ ਸਥਾਨਕ ਦਾਦੇ ਕਰ ਰਹੇ ਸਨ। ਪੋਲੀਸ ਜਾਂ ਖਾਮੋਸ਼ ਦਰਸ਼ਕ ਬਣੀ ਹੋਈ ਸੀ ਜਾਂ ਫਸਾਦੀਆਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਸ਼ਹਿ ਅਤੇ ਸਹਿਯੋਗ ਦੇ ਰਹੀ ਸੀ। ਹਥਿਆਬੰਦ ਫ਼ੋਰਸਾਂ ਦਾ ਰੋਲ ਨਾ-ਬਰਾਬਰ ਸੀ (ਉਹ ਕਿਥੇ ਸਨ ? ਅਤੇ ਕੇਂਦਰੀ ਗ੍ਰਹਿ ਮੰਤਰੀ ਪੀ. ਵੀ. ਨਰਸਿੰਮਾ ਰਾਓ ਕਿਥੇ ਸੀ ?) ਇਸ ਤੋਂ ਪਹਿਲਾਂ ਮਾੜੀ ਜਿਹੀ ਗੱਲ ਤੋਂ ਹਥਿਆਰਬੰਦ ਫ਼ੋਰਸਾਂ ਨੂੰ ਬੁਲਾ ਲਿਆ ਜਾਂਦਾ ਸੀ।

ਕਿਤਨੇ ਲੋਕ ਮਾਰੇ ਗਏ ਹਨ, ਜਾਣ-ਬੁਝ ਕੇ ਪ੍ਰਵਾਹ ਨਹੀਂ ਕੀਤੀ ਗਈ। ਗ਼ੈਰ-ਸਰਕਾਰੀ ਸੂਤਰਾਂ ਅਨੁਸਾਰ ਪੰਜ ਹਜ਼ਾਰ ਮਾਰੇ ਗਏ ਹਨ। ਪੂਰਬੀ ਦਿੱਲੀ ਦੀ ਟਰਾਂਸ-ਯਮਨਾ ਵਿਖੇ ਮੁੜ-ਵਸੇਬਾ ਕਲੋਨੀ ਤ੍ਰਿਲੋਕਪੁਰੀ ਵਿਖੇ, ਇਹ ਕਿਹਾ ਜਾਂਦਾ ਹੈ ਕਿ ਕੇਵਲ ੪੮ ਘੰਟਿਆਂ ਵਿਚ ੪੦੦ ਸਿੱਖ ਜਿੰਦਾ ਸਾੜ ਦਿਤੇ ਗਏ ਹਨ। ਸਰਕਾਰ ਦੇ ਕਹਿਣ ਅਨੁਸਾਰ ਰੀਲੀਫ਼ ਕੈਂਪਾਂ ਵਿਚ ੨੦ ਹਜ਼ਾਰ ਸ਼ਰਨਾਰਥੀ ਹਨ, ਜਿਸ ਦੀ ਉਹ ਦਖ-ਭਾਲ ਕਰ ਰਹੀ ਹੈ। ਪ੍ਰੰਤੂ ਪੀ. ਯੂ. ਸੀ. ਐਲ. ਅਤੇ ਪੀ. ਯੂ. ਡੀ. ਆਰ. ਦੀ ਟੀਮ ਨੇ ਰੀਪੋਰਟ ਕੀਤੀ ਹੈ ਕਿ ਲਗ-ਪਗ ੫੦ ਹਜ਼ਾਰ ਸ਼ਰਨਾਰਥੀ ਹਨ, ਜਿਨ੍ਹਾਂ ਦੀ ਦੇਖ-ਭਾਲ ਪ੍ਰਾਈਵੇਟ ਸੰਸਥਾਵਾਂ ਜਾਂ ਵਲੰਟਰੀਅਰ ਕਰ ਰਹੇ ਹਨ ਅਤੇ ਪਰਧਾਨ ਮੰਤਰੀ ਦੇ ਰੀਲੀਫ਼ ਫੰਡ ਵਿਚੋਂ ਕੱਢਿਆ ਗਿਆ ਰੁਪਿਆ ਇਨ੍ਹਾਂ ਕੈਂਪਾਂ ਦੇ ਲੋਕਾਂ ਦੀ ਸਹਾਇਤਾ ਲਈ ਨਹੀਂ ਪੁਜਿਆ। ਇਸ ਤਰ੍ਹਾਂ ਦੀਆਂ ਉਦਾਹਰਣਾਂ ਮਿਲੀਆਂ ਹਨ ਕਿ ਪੀੜਤ ਲੋਕਾਂ ਨੇ ਮੈਂਬਰ ਪਾਰਲੀਮੈਂਟਾਂ ਜਾਂ ਸਿਆਸਤਦਾਨਾਂ ਵਲੋਂ ਲਿਆਂਦਾ ਖਾਣਾ ਨਹੀਂ ਖਾਧਾ, ਕਿਉਂਕਿ ਉਹ ਖ਼ੁਦ ਫ਼ਸਾਦ ਕਰਾਉਣ ਵਾਲੇ ਸਨ।

ਇਹ ਮੰਦ ਭਾਗਾਂ ਦੀ ਗੱਲ ਹੈ ਕਿ ਫ਼ਸਾਦ ਸਿਆਸੀ ਲੀਡਰਾਂ, ਪੋਲੀਸ ਅਤੇ ਪ੍ਰਸ਼ਾਸਨ ਦੀ ਮਿਲੀ-ਭੁਗਤ ਨਾਲ ਹੋਏ।

ਇਸ ਰੀਪੋਰਟ ਦੇ ਅੰਤਕਾ-੪ ਵਿਚ ਫਸਾਦ ਕਰਾਉਣ ਵਾਲੇ ਸਿਆਸਤਦਾਨਾਂ ਵਿਚ ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਸ੍ਰੀ ਹਰਿਕ੍ਰਿਸ਼ਨ ਲਾਲ ਭਗਤ ਦਾ ਨਾਂ ਸਭ ਤੋਂ ਉਪਰ ਹੈ। ਉਸ ਨੇ ਫਸਾਦੀਆਂ ਨੂੰ ਪੋਲੀਸ ਦੀ ਹਿਰਾਸਤ 'ਚੋਂ ਛੁਡਵਾਇਆ। ਪੰਜ ਨਵੰਬਰ ਨੂੰ ਜਦੋਂ ਕੇਂਦਰੀ ਜ਼ਿਲਾ ਪੋਲੀਸ ਨੇ ੩੦੦ ਤੋਂ ਵੱਧ ਸ਼ਰਾਰਤੀ ਅੰਸਰਾਂ ਨੂੰ ਪਕੜ ਲਿਆ, ਸ੍ਰੀ ਧਰਮ ਦਾਸ ਸ਼ਾਸਤਰੀ ਐਮ. ਪੀ. ਸਮੇਤ ਕਾਂਗਰਸ (ਆਈ) ਦੇ ਕਈ ਲੀਡਰਾਂ ਨੇ ਕਿਹਾ :—

"ਪੋਲੀਸ ਲੁਟਿਆ ਹੋਇਆ ਮਾਲ ਬਰਾਮਦ ਕਰ ਲਏ, ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀ ਲੋੜ ਨਹੀਂ। ਉਹ ਦੋਸ਼ੀ ਨਹੀਂ ਹਨ।"

ਕਾਂਗਰਸ (ਆਈ) ਦੇ ਹੋਰ ਲੀਡਰਾਂ ਨੇ ਫਸਾਦੀਆਂ ਨੂੰ ਵੱਖ-ਵੱਖ ਇਲਾਕਿਆਂ ਦੀਆਂ ਵੋਟਰ ਲਿਸਟਾਂ ਦੇ ਕੇ ਸਿੱਖਾਂ ਦੇ ਮਕਾਨਾਂ ਅਤੇ ਦੁਕਾਨਾਂ ਦੀ ਪਛਾਣ ਕਰ ਕੇ ਉਕਸਾਇਆ। ਨਗਰ ਨਿਗਮ ਦੇ ਇਕ ਮੈਂਬਰ ਨੇ ਕਲਿਆਨਪੁਰੀ ਵਿਚ ਇਕ ਮੀਟਿੰਗ ਕੀਤੀ, ਜਿਸ ਪਿਛੋਂ ਇਕ-ਦਮ ਲੁਟ-ਮਾਰ ਅਤੇ ਸਾੜ-ਫੂਕ ਸ਼ੁਰੂ ਹੋ ਗਈ। ਚਸ਼ਮਦੀਦ ਗਵਾਹ ਦਸਦੇ ਹਨ ਕਿ ਉਸ ਨੇ ਇਸ ਕਤਲੋ ਗ਼ਾਰਤ ਦੀ ਖ਼ੁਦ ਅਗਵਾਈ ਕੀਤੀ।

ਕਾਂਗਰਸ (ਆਈ) ਦੇ ਇਕ ਹੋਰ ਐਮ. ਪੀ. ਜਗਦੀਸ਼ ਟਾਈਟਲਰ ਨੇ ਪੋਲੀਸ ਕਮਿਸ਼ਨਰ ਐਸ. ਸੀ. ਟੰਡਨ ਦੀ ਪ੍ਰੈਸ ਕਾਨਫਰੰਸ ਵਿਚ ਦਖ਼ਲ ਅੰਦਾਜ਼ੀ ਕੀਤੀ। ਇਕ ਪੱਤਰਕਾਰ ਨੇ ਰੀਪੋਰਟ ਕੀਤੀ ਕਿ ਟਾਈਟਲਰ ਨੇ ਕਮਿਸ਼ਨਰ ਨੂੰ ਕਿਹਾ, "ਮੇਰੇ ਬੰਦਿਆਂ ਨੂੰ ਗ੍ਰਿਫ਼ਤਾਰ ਕਰ ਕੇ ਤੁਸੀਂ ਰੀਲੀਫ਼ ਦੇ ਕੰਮ ਵਿਚ ਵਿਘਨ ਪਾ ਰਹੇ ਹੋ ?"



www.AKJ.Org

ਪੋਲੀਸ ਨੇ ਹਾਲਾਤ ਨੂੰ ਹੋਰ ਵੀ ਵਿਗਾੜਿਆ, ਵਿਸ਼ੇਸ਼ ਕਰਕੇ ਪਹਿਲੀ ਅਤੇ ਚਾਰ ਨਵੰਬਰ ਵਿਚਕਾਰਲੇ ਦਿਨਾਂ ਵਿਚ। ਜਾਂ ਤਾਂ ਪੋਲੀਸ ਖਾਮੋਸ਼ ਦਰਸ਼ਕ ਬਣੀ ਰਹੀ ਜਾਂ ਡਿਊਟੀ ਤੋਂ ਗੈਰਹਾਜ਼ਰ ਜਾਂ ਫਿਰ ਸਿਧੇ ਤੌਰ ਤੇ ਫ਼ਸਾਦਾਂ ਵਿਚ ਸ਼ਾਮਿਲ ਹੋਈ। ਸੁਲਤਾਨਪੁਰੀ, ਤ੍ਰਿਲੋਕਪੁਰੀ ਅਤੇ ਮੰਗੋਲਪੁਰੀ ਦੇ ਫਸਾਦਾਂ ਚੋਂ ਬਚੇ ਲੋਕਾਂ ਨੇ ਛਾਣ-ਬੀਣ ਕਰ ਰਹੀ ਟੀਮ ਨੂੰ ਦਸਿਆ ਕਿ ਪੋਲੀਸ ਨੇ ਆਪਣੀਆਂ ਜੀਪਾਂ ਵਿਚੋਂ ਫਸਾਦੀਆਂ ਨੂੰ ਪੈਟਰੋਲ ਅਤੇ ਡੀਜ਼ਲ ਦਿੱਤਾ। ਕਈ ਥਾਵਾਂ ਤੇ ਸਿਪਾਹੀਆਂ ਨੇ ਕੁਝ ਹਿੰਦੂ ਪਰੀਵਾਰਾਂ ਵਲੋਂ ਆਪਣੇ ਗਵਾਂਢੀ ਸਿੱਖ ਪਰੀਵਾਰਾਂ ਨੂੰ ਬਚਾਉਣ ਦੀਆਂ ਕੋਸ਼ਸ਼ਾਂ ਅਸਫਲ ਕਰ ਦਿਤੀਆਂ। ਇਕ ਸਿਪਾਹੀ ਨੇ ਇਕ ਹਿੰਦੂ ਨੂੰ ਕਿਹਾ, "ਤੂੰ ਜਾਟ ਏਂ, ਤੈਨੂੰ ਉਨ੍ਹਾਂ ਸਿੱਖਾਂ ਨੂੰ ਮਾਰ ਦੇਣਾ ਚਾਹੀਦਾ ਸੀ।"

ਕੁਝ ਪੱਤਰਕਾਰਾਂ ਨੇ ਤ੍ਰਿਲੋਕਪੁਰੀ ਦੀ ਇਕ ਗਲੀ ਵਿਚ ਘਟੋ ਘਟ ੩੫੦ ਲਾਸ਼ਾਂ ਪਈਆਂ ਵੇਖੀਆਂ, ਪਰ ਪੋਲੀਸ ਕਮਿਸ਼ਨਰ ਨੇ ਦੋ ਨਵੰਬਰ ਨੂੰ ਕਿਹਾ, "੧੫ ਜਾਂ ੨੦ ਬੰਦੇ ਹਿੰਸਕ ਘਟਨਾਵਾਂ ਵਿਚ ਮਰੇ ਹਨ।" ਇਸ ਟੀਮ ਅਤੇ ਪੱਤਰਕਾਰਾਂ ਨੇ ਪਿਛੋਂ ਮੰਗੋਲਪੁਰੀ ਜਾ ਕੇ ਦੇਖਿਆ ਕਿ ਇਕ ਨਾਲੇ ਵਿਚ "ਕਈ ਸੈਂਕੜੇ ਲਾਸ਼ਾਂ ਸੁੱਟ ਦਿਤੀਆਂ ਗਈਆਂ।"

ਜਵਾਹਰ ਲਾਲ ਯੂਨੀਵਰਸਿਟੀ ਦੇ ਪੋਲੀਟੀਕਲ ਵਿਭਾਗ ਦੇ ਮੁਖੀ, ਪ੍ਰੋ: ਅਸ਼ਵਨੀ ਭੈ ਨੇ ੮੦ ਸਿੱਖਾਂ—ਬੱਚੇ ਤੋਂ ਲੈ ਕੇ ੮੦ਸਾਲਾ ਬੁਢੇ ਅਤੇ ਤੀਵੀਆਂ ਸਮੇਤ—ਇਕ ਮਕਾਨ ਦੇ ਇਕ ਕੋਨੇ ਵਿਚ ਬਰਾਂਡੇ ਨੂੰ ਟੱਪਣ ਦੀਆਂ ਕੋਸ਼ਸ਼ਾਂ ਕਰਦਿਆਂ ਵੇਖਿਆ। ਉਨ੍ਹਾਂ ਕਿਹਾ, "ਮੇਰੇ ਖੋਫ਼ ਦੀ ਕੋਈ ਹਦ ਨਾ ਰਹੀ, ਜਦੋਂ ਬਾਹਰ ਲਾਠੀਆਂ ਤੇ ਹਥਿਆਰਾਂ ਨਾਲ ਲੈਸ ਭੀੜ ਨੇ ਇਸ ਮਕਾਨ ਨੂੰ ਅੱਗ ਲਗਾ ਦਿਤੀ।"

ਚੋਧਰੀ ਚਰਨ ਸਿੰਘ ਸਮੇਤ ਵਿਰੋਧੀ ਪਾਰਟੀਆਂ ਦੇ ਲੀਡਰਾਂ ਨੇ ਜਦੋਂ ਪਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਮਿਲ ਕੇ ਇੰਡੀਅਨ ਐਕਸਪ੍ਰੈਸ ਵਿਚੋਂ ਕੁਝ ਖਬਰਾਂ ਦਾ ਹਵਾਲਾ ਦੇ ਕੇ ਦਸਿਆ ਕਿ ਕਾਂਗਰਸ (ਆਈ) ਦੇ ਕਈ ਲੀਡਰ ਫਸਾਦ ਕਰਵਾ ਰਹੇ ਹਨ, ਤਾਂ ਉਸ ਨੇ ਇਹ ਕਹਿ ਕੇ ਗੱਲ ਰਦ ਕਰ ਦਿਤੀ, "ਇੰਡੀਅਨ ਐਕਸਪ੍ਰੈਸ ਵਿਰੋਧੀ ਪਾਰਟੀਆਂ ਦਾ ਅਖਬਾਰ ਹੈ।"

ਇਸ ਰੀਪੋਰਟ ਅਨੁਸਾਰ ਥਾਂ ਥਾਂ ਫਸਾਦੀ ਨਾਅਰੇ ਲਗਾ ਰਹੇ ਹਨ, "ਸਿੱਖਾਂ ਨੂੰ ਮਾਰੋ, ਅਤੇ ਇਨ੍ਹਾਂ ਨੂੰ ਲੁੱਟ ਲਵੋ।"

ਕਈ ਸਿੱਖਾਂ ਨੂੰ ਉਨ੍ਹਾਂ ਦੇ ਸਕੂਟਰ ਜਾਂ ਮੋਟਰ ਸਾਈਕਲ ਨਾਲ ਬੰਨ੍ਹ ਕੇ ਜਾਂ ਕਾਰ ਟਰੱਕ ਸਮੇਤ ਹੀ ਅੱਗ ਲਗਾ ਦਿਤੀ ਗਈ। ਕਈ ਵਾਰੀ ਦੋ ਸਿੱਖਾਂ ਨੂੰ ਉਨ੍ਹਾਂ ਦੀਆਂ ਪਗੜੀਆਂ ਨਾਲ ਹੀ ਇਕ ਦੂਜੇ ਨਾਲ ਪਿੱਠ ਜੋੜ ਕੇ ਜਾਂ ਦੋਨਾਂ ਦੇ ਸਿਰ ਇਕ ਦੂਜੇ ਦੇ ਪੈਰਾਂ ਨਾਲ ਬੰਨ੍ਹ ਕੇ ਜ਼ਿੰਦਾ ਜਲਾ ਦਿੱਤਾ ਗਿਆ।

ਦਿੱਲੀ ਆਉਣ ਵਾਲੀ ਲਗ-ਪਗ ਹਰ ਗੱਡੀ ਵਿਚੋਂ ਅਨੇਕਾਂ ਹੀ ਸਿੱਖਾਂ ਦੀਆਂ ਲਾਸ਼ਾਂ ਮਿਲੀਆਂ। ਗੱਡੀਆਂ 'ਚੋਂ ਧੂਹ ਕੇ, ਸਿੱਖਾਂ ਨੂੰ ਮਾਰ ਕੇ ਪਟੜੀਆਂ ਤੇ ਸੁਟ ਦਿੱਤਾ ਗਿਆ। ਇਥੋਂ ਤਕ ਕਿ ਵਰਦੀ ਵਿਚ ਕਈ ਫੌਜੀ ਸਿੱਖ, ਕੁਝ ਅਫਸਰਾਂ ਸਮੇਤ, ਗੱਡੀ ਦੇ ਬਾਹਰ ਧੂਹ ਕੇ ਕੁਟ-ਕੁਟ ਮਾਰ ਦਿਤੇ ਜਾਂ ਜ਼ਿੰਦਾ ਜ਼ਲਾ ਦਿਤੇ ਗਏ।

ਰੀਪੋਰਟ ਅਨੁਸਾਰ ਭਗਤ, ਸ਼ਾਸਤਰੀ ਅਤੇ ਟਾਈਟਲਰ ਤੋਂ ਬਿਨਾਂ ਕਾਂਗਰਸ ਦੇ ਬਾਕੀ ਲੀਡਰਾਂ, ਜਿਨ੍ਹਾਂ ਨੇ ਫਸਾਦੀਆਂ ਨੂੰ ਸ਼ਹਿ ਦਿਤੀ, ਵਿਚ ਸਜਨ ਕੁਮਾਰ ਐਮ. ਪੀ., ਬਾਬੂ ਰਾਮ ਸ਼ਰਮਾ ਮੈਂਬਰ ਨਗਰ ਨਿਗਮ, ਲਲਿਤ ਮਾਕਨ ਅਤੇ, ਮਹਿੰਦਰਾ ਮੈਟਰੋਪੋਲਿਨ ਕੌਂਸਲਰ, ਮੰਗਤ ਰਾਮ ਸਿੰਗਲ ਮੈਂਬਰ ਨਗਰ ਨਿਗਮ, ਡਾ: ਅਸ਼ੋਕ ਕੁਮਾਰ, ਮਖਣ ਲਾਲ ਸੂਦ ਕੌਂਸਲਰ, ਜਗਦੀਸ਼ ਚੰਦ ਟੋਕਸ ਮੈਂਬਰ ਨਗਰ ਨਿਗਮ (ਮੁਨੀਰਕਾ), ਈਸ਼ਵਰ ਸਿੰਘ ਮੈਂਬਰ ਨਗਰ ਨਿਗਮ (ਮੰਗੋਲਪੁਰੀ), ਯੂਥ ਕਾਂਗਰਸ ਦੇ ਲੀਡਰ ਬਲਵੰਤ ਖੋਖਰ, ਫੈਜ਼ ਮੁਹੰਮਦ, ਰਤਨ ਆਦਿ ਦੇ ਨਾਂ ਵਰਣਨ ਯੋਗ ਹਨ।

ਪੋਲੀਸ ਅਧਿਕਾਰੀਆਂ ਵਿਚ ਮਲਹੋਤਰਾ, ਅਸਿਸਟੈਂਟ ਕਮਿਸ਼ਨਰ ਪੋਲੀਸ (ਸ਼ਕਰਪੁਰ), ਜੈ ਸਿੰਘ ਐਸ.



www.AKJ.Org

ਐਸ.ਐਚ, ਓ., ਰਾਓ ਰਾਮ ਮੇਹਰ ਐਸ. ਐਚ. ਓ., ਹਰੀ ਰਾਮ ਭੱਟੀ ਐਸ. ਐਚ. ਓ., ਰਵਤਾਸ ਸਿੰਘ ਐਸ.ਐਚ. ਓ. ਸਦਰ ਥਾਨਾ, ਸੂਰਵੀਰ ਸਿੰਘ ਐਸ. ਐਚ. ਓ. ਕਲਿਆਣਪੁਰੀ, ਆਰ. ਡੀ. ਸਿੰਘ ਐਸ. ਆਈ. (ਦੁਰਗਾਪੁਰੀ) ਅਤੇ ਆਰ. ਕੇ. ਪੁਰਮ ਦੇ ਐਸ. ਐਚ. ਓ. ਅਤੇ ਸਿਪਾਹੀ, ਤ੍ਰਿਲੋਕਪੁਰੀ ਦਾ ਐਸ. ਐਚ. ਓ. ਤਿਆਗੀ, ਇੰਸਪੈਕਟਰ ਰਾਨਾ, ਏ. ਐਸ. ਆਈ. ਬਖਸ਼ੀ ਅਤੇ ਸ਼ਕਰਪੁਰ ਦੇ ਐਸ. ਆਈ. ਮੂਲ ਚੰਦ ਦੇ ਨਾਂ ਵਰਣਨ ਯੋਗ ਹਨ।

ਰੀਪੋਰਟ ਵਿਚ ਫਸਾਦ-ਗ੍ਰਸਤ ਇਲਾਕਿਆਂ ਦੇ ੨੦੦ ਦੇ ਕਰੀਬ ਗੁੰਡਿਆਂ ਅਤੇ ਦਾਦਿਆਂ ਦੇ ਨਾਂ ਵੀ ਦਰਜ ਕੀਤੇ ਗਏ ਹਨ, ਜਿਨ੍ਹਾਂ ਨੇ ਕਤਲੇਆਮ, ਸਾੜਫੂਕ ਅਤੇ ਲੁੱਟ ਮਾਰ ਵਿਚ ਵਧ ਚੜ੍ਹ ਕੇ ਹਿੱਸਾ ਲਿਆ।

ਇਨ੍ਹਾਂ ਫਸਾਦਾਂ ਦੀ ਰੀਪੋਰਟ ਦਿੱਲੀ ਦੇ ਲਗ-ਪਗ ਸਾਰੇ ਅਖਬਾਰਾਂ ਨੇ ਬੜੀ ਦਲੇਰੀ ਅਤੇ ਨਿਰਪੱਖਤਾ ਨਾਲ ਰੀਪੋਰਟਿੰਗ ਕੀਤੀ, ਪਰ "ਇੰਡੀਅਨ ਐਕਸਪ੍ਰੈਸ" ਅਤੇ ਇਸ ਗਰੁਪ ਦੇ ਹੀ ਹਿੰਦੀ ਅਖਬਾਰ "ਜਨਸਤਾ' ਨੇ ਬੜੀ ਹੀ ਦਲੇਰੀ ਨਾਲ ਸਿਆਸੀ ਲੀਡਰਾਂ, ਪੋਲੀਸ ਅਤੇ ਗੁੰਡਾ ਅੰਸਰਾਂ ਦੇ ਰੋਲ ਨੂੰ ਨੰਗਿਆਂ ਕੀਤਾ ਹੈ।

ਉਪਰੋਕਤ ਰੀਪੋਰਟ ਦੋ ਗ਼ੈਰ-ਸਿਆਸੀ ਪਰ ਮਨੁੱਖੀ ਕਦਰਾਂ ਕੀਮਤਾਂ ਅਤੇ ਹਿਤਾਂ ਦੀ ਰਾਖੀ ਵਾਲੀਆਂ ਨਿਰਪਖ ਸੰਸਥਾਵਾਂ ਵਲੋਂ ਬੜੀ ਮਿਹਨਤ ਨਾਲ ਤਿਆਰ ਕੀਤੀ ਗਈ ਹੈ। ਇਸ ਬਾਰੇ ਮੈਂ ਇਹੋ ਕਹਾਂਗਾ ਕਿ ਇਹ ਆਜ਼ਾਦ ਭਾਰਤ ਦੀ ਰਾਜਧਾਨੀ ਵਿਚ ਘਲੂਘਾਰਾ ਵਾਪਰਿਆ ਹੈ, ਜਦੋਂ ਕਿ ਦੇਸ਼ ਦਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਦਿੱਲੀ ਨਗਰ ਨਿਗਮ ਦੇ ਮੇਅਰ ਸ: ਮਹਿੰਦਰ ਸਿੰਘ ਸਾਥੀ ਸਿੱਖ ਹਨ। ਦਿੱਲੀ, ਜਿਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ "ਤਿਲਕ ਅਤੇ ਜੰਞੂ" ਦੀ ਰਾਖੀ ਲਈ ਆਪਣਾ ਮਹਾਨ ਬਲੀਦਾਨ ਦਿਤਾ—ਪਰ ਅੱਜ ਉਸ ਗੁਰੂ ਦੇ ਹੀ ਸਿੱਖਾਂ ਦੇ ਕਤਲੇਆਮ, ਬੀਬੀਆਂ ਦੀ ਬੇਪਤੀ ਅਤੇ ਅਰਬਾਂ ਖਰਬਾਂ ਰੁਪੈ ਦਾ ਨੁਕਸਾਨ ਫਿਰਕੂਆਂ ਅਤੇ ਗੁੰਡਾ ਅੰਸਰ ਨੇ ਕੀਤਾ ਹੈ। ਦੇਸ਼ ਦੀ ਹਕੂਮਤ (ਨਹਿਰੂ ਪਰੀਵਾਰ ਦੇ ਵਡੇ ਵਡੇਰੇ ਕਸ਼ਮੀਰੀ ਪੰਡਤ ਹਨ—ਉਹੋ ਕਸ਼ਮੀਰੀ ਪੰਡਤ ਜੋ ਗੁਰੂ ਜੀ ਪਾਸ ਔਰੰਗਜ਼ੇਬ ਵਿਰੁਧ ਫਰਿਆਦ ਲੈ ਕੇ ਗਏ ਸਨ) ਜੋ ਔਰੰਗਜ਼ੇਬ ਨਾਲੋਂ ਕਿਸੇ ਤਰ੍ਹਾਂ ਘਟ ਨਹੀਂ, ਦੀ ਸ਼ਹਿ ਨਾਲ ਕੀਤੇ ਹਨ। ਜਿਨ੍ਹਾਂ ਨੇਕ ਦਿਲ ਹਿੰਦੂਆਂ ਨੇ ਆਪਣੇ ਸਿੱਖ ਗਵਾਂਢੀਆਂ ਨੂੰ ਬਚਾਇਆ, ਉਨ੍ਹਾਂ ਦੀ ਪ੍ਰਸ਼ੰਸਾ ਕੀਤੇ ਬਿਨਾਂ ਨਹੀਂ ਰਹਿ ਸਕਦੇ।

ਪੰਜਾਬ ਵਿਚ ਬਸ ਵਿਚੋਂ ੬ ਹਿੰਦੂ ਮੁਸਾਫਰਾਂ ਨੂੰ ਬਾਹਰ ਕਢ ਕੇ ਕਤਲ ਕਰ ਦਿਤਾ ਗਿਆ ਸੀ, ਤਾਂ ਦਰਬਾਰਾ ਸਿੰਘ ਦੀ ਸਰਕਾਰ ਭੰਗ ਕਰ ਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ ਸੀ। ਕਤਲਾਂ ਦੀਆਂ ਵਾਰਦਾਤਾਂ ਜਦੋਂ ਨਾ ਰੁਕੀਆਂ ਤਾਂ ਪੰਜਾਬ ਨੂੰ ਗੜਬੜ ਵਾਲਾ ਇਲਾਕਾ ਕਰਾਰ ਦਿਤਾ ਗਿਆ ਅਤੇ ਫੌਜੀ, ਨੀਮ ਫੌਜੀ ਅਤੇ ਪੋਲੀਸ ਫ਼ੋਰਸਾਂ ਨੂੰ ਅਥਾਹ ਅਧਿਕਾਰ ਦਿਤੇ ਗਏ, ਕਿਸੇ ਵੀ ਵਿਅਕਤੀ ਨੂੰ ਬਿਨਾਂ ਕਾਰਨ ਦਸੇ ਗ੍ਰਿਫਤਾਰ ਕਰਨ ਦੇ, ਤਲਾਸ਼ੀ ਲੈਣ ਜਾਂ ਗੋਲੀ ਤਕ ਮਾਰਨ ਦੇ। ਅਤੇ ਫਿਰ ਫੌਜੀ ਕਾਰਵਾਈ ਕੀਤੀ ਗਈ, ਪਰ ਦਿੱਲੀ ਅਤੇ ਦੇਸ਼ ਦੇ ਹੋਰ ਭਾਗਾਂ ਵਿਚ ਹਜ਼ਾਰਾਂ ਹੀ ਮਾਸੂਮ ਸਿੱਖਾਂ ਦੇ ਵਹਿਸ਼ੀਆਨਾ ਕਤਲ ਤੋਂ ਉਨ੍ਹਾਂ ਦੀਆਂ ਜਾਇਦਾਦਾਂ ਦੀ ਸਾੜ-ਫੂਕ ਨਾਲ ਸਰਕਾਰ ਦੇ ਕੰਨ ਤੇ ਜੂੰ ਨਹੀਂ ਰੀਂਗੀ, ਸਗੋਂ ਪਰਧਾਨ ਮੰਤਰੀ ਰਾਜੀਵ ਗਾਂਧੀ ਦੀ ਕਾਂਗਰਸ (ਆਈ) ਪਾਰਟੀ, ਜਿਸ ਦੇ ਉਹ ਖ਼ੁਦ ਪਰਧਾਨ ਹਨ, ਨੇ ਸ੍ਰੀ ਹਰਿਕ੍ਰਿਸ਼ਨ ਲਾਲ ਭਗਤ, ਜਗਦੀਸ਼ ਟਾਈਟਲਰ, ਲਲਿਤ ਮਾਕਨ ਆਦਿ, ਜਿਨ੍ਹਾਂ ਦਾ ਫਸਾਦ ਕਰਾਉਣ ਵਿਚ ਅਨੇਕਾਂ ਅਖਬਾਰਾਂ ਅਤੇ ਉਪਰੋਕਤ ਦੋ ਗ਼ੈਰ-ਸਿਆਸੀ ਸੰਸਥਾਵਾਂ ਵਲੋਂ ਹੱਥ ਸਥਾਪਤ ਹੋ ਚੁਕਾ ਹੈ, ਨੂੰ ਲੋਕ ਸਭਾ ਲਈ ਟਿਕਟਾਂ ਦਿਤੀਆਂ ਗਈਆਂ ਹਨ, ਜਿਸ ਤੋਂ ਸਪਸ਼ਟ ਹੈ ਕਿ ਇਨ੍ਹਾਂ ਵਿਅਕਤੀਆਂ ਨੂੰ ਰਾਜੀਵ ਗਾਂਧੀ ਦਾ ਅਸ਼ੀਰਵਾਦ ਪ੍ਰਾਪਤ ਸੀ।

ਸ੍ਰੀ ਰਾਜੀਵ ਗਾਂਧੀ ਨੇ ਫਸਾਦੀਆਂ ਵਿਰੁਧ ਐਕਸ਼ਨ ਲੈਣ ਦੀ ਬਜਾਏ ਕਿਹਾ, 'ਜਦੋਂ ਵੱਡਾ ਦਰੱਖ਼ਤ ਡਿਗਦਾ ਹੈ, ਤਾਂ ਧਰਤੀ ਹਿਲਦੀ ਹੈ" ਕੀ ਇਹ ਦਰੱਖ਼ਤ (ਸ੍ਰੀ ਮਤੀ ਇੰਦਰ ਗਾਂਧੀ) ਮਹਾਤਮਾ ਗਾਂਧੀ ਨਾਲੋਂ ਵੀ ਵੱਡਾ ਸੀ? ਕੀ ਦਰੱਖ਼ਤ ਨੂੰ ਵੱਡਾ ਸਾਬਤ ਕਰਨ ਲਈ ਤਾਂ ਇਹ ਹਨੇਰੀ ਨਹੀਂ ਲਿਆਂਦੀ ਗਈ, ਤਾਂ ਜੁ ਜ਼ਮੀਨ ਹਿਲ ਸਕੇ? ਇਸ ਦਾ ਉੱਤਰ ਇਤਿਹਾਸ ਵਰਤਮਾਨ ਸਰਕਾਰ ਤੋਂ ਮੰਗੇਗਾ।

"ਗੁਰਮਤਿ ਪ੍ਰਕਾਸ਼", ਜਨਵਰੀ ੧੯੮੫



www.AKJ.Org

# ਸ਼ਮਸ਼ੀਰ-ਏ-ਗੁਰੂ ਗੋਬਿੰਦ ਸਿੰਘ

[ਪ੍ਰੋਫੈਸਰ ਪੂਰਨ ਸਿੰਘ ਜੀ]

ਹਰੇਕ ਸਿੱਖ ਨੂੰ ਉਸ ਦੀ ਕਿਰਪਾਨ ਪਾਉਣੀ ਪੈਂਦੀ ਹੈ। ਆਪਣੀ ਨਹੀਂ। ਕਿਰਪਾਨ ਤਾਂ ਗੁਰੂ ਦੀ ਬਖਸ਼ੀਸ਼ ਹੈ। ਇਹ ਹਮਲੇ ਜਾਂ ਬਚਾਓ ਦਾ ਹਥਿਆਰ ਨਹੀਂ, ਇਹ ਤਾਂ ਗੁਰੂ ਦੇ ਪਿਆਰ ਨਾਲ ਫ਼ੌਲਾਦੀ ਹੋਏ ਦਿਲ ਦੀ ਬਾਤ ਹੈ। ਸਿੱਖ ਦਾ ਦਿਲ ਕਿਰਪਾਨ ਵਰਗਾ ਹੋਣਾ ਚਾਹੀਦਾ ਹੈ। ਇਹ ਇਕ ਬਹੁਤ ਜ਼ਿਆਦਾ ਭਾਵਕ ਰੂਹ ਦਾ ਚਿੰਨ੍ਹ ਹੈ।

ਕਿਰਪਾਨ ਬਹੁਤ ਤੇਜ਼ੀ ਨਾਲ ਕਾਟ ਕਰਦੀ ਹੈ, ਪਰ ਦਿਲ ਅੱਖ-ਝਪੱਕੇ ਵਿਚ ਅਜਿਹਾ ਕਰ ਸਕਦਾ ਹੈ। ਅਨੋਖੀ ਸੁੰਨਤਾ ਸਹਿਤ ਆਮ ਲੋਕਾਂ ਦੀ ਭੇਡ-ਚਾਲ, ਜਿਨ੍ਹਾਂ ਪਾਸ ਬਾਜਾਂ ਵਾਂਗ ਉਡਣ ਦੀ ਸ਼ਕਤੀ ਨਹੀਂ, ਗੁਰੂ ਗੋਬਿੰਦ ਸਿੰਘ ਦੀ ਕਿਰਪਾਨ ਨਾਲ ਨਹੀਂ ਰਹਿ ਸਕਦੇ। ਇਹ ਤਾਂ ਗੁਰੂ ਦੇ ਸਿੱਖ ਦੀ ਅਜੀਬ ਸ਼ਖਸੀਅਤ ਦਾ ਚਿੰਨ੍ਹ ਹੈ। ਜੋ ਕੋਈ ਹਾਰ ਨਹੀਂ ਮੰਨਦੀ, ਮਾਯੂਸ ਨਹੀਂ ਹੁੰਦੀ, ਉਹ ਸ਼ਖਸੀਅਤ, ਜਿਸ ਦੀ ਆਸ ਨਹੀਂ ਟੁਟਦੀ, ਜਿਸ ਦੀ ਰੂਹਾਨੀ ਚਮਕ ਕਦੇ ਨਹੀਂ ਘਟਦੀ। ਗੁਰੂ ਗੋਬਿੰਦ ਸਿੰਘ ਕਹਿੰਦੇ ਹਨ "ਸਵਾ ਲਾਖ ਸਿਉਂ ਏਕ ਲੜਾਉਂ"। ਇਹ ਰੌਸ਼ਨ ਮਨ ਦਾ ਅਧਿਕਾਰ ਖੇਤਰ ਹੈ। ਪੂਰੀ ਤਰ੍ਹਾਂ ਭਾਵੁਕ ਅਤੇ ਵਿਕਸਤ ਬੁੱਧੀ ਸੁਭਾਵਿਕ ਹੀ ਬਹੁਤ ਗਾਲਬ ਆ ਜਾਂਦੀ ਹੈ। ਇਥੋਂ ਤਕ ਕਿ ਇਹ ਸਥੂਲ ਰੂਪ ਵਿਚ ਵੀ ਬਹੁਤ ਮਨਮੋਹਕ ਤੇ ਦਿਲਕਸ਼ ਹੋ ਜਾਂਦੀ ਹੈ। ਇਹ ਸ਼ਮ੍ਹਾ ਦੀ ਲਾਟ ਵਾਂਗੂ ਆਪਣੇ ਦੁਆਲੇ ਪਰਵਾਨੇ ਇਕੱਠੇ ਕਰ ਲੈਂਦੀ ਹੈ। ਰੂਹਾਨੀ ਪਰਮ-ਮਨੁੱਖ ਦੀ ਹੋਂਦ ਲੱਖਾਂ ਤੇ ਕਾਬੂ ਪਾ ਸਕਦੀ ਹੈ। ਉਹ ਮਨ ਹੀ ਕੀ ਹੈ, ਜਿਸ ਵਿਚ ਬਿਜਲੀ ਅਤੇ ਤਲਵਾਰ ਦੀ ਚਮਕ ਨਹੀਂ। ਜੀਵਨ-ਖੇਤਰ ਵਿਚ ਸਾਰੀਆਂ ਜਿੱਤਾਂ ਮਾਨਸਿਕ ਅਤੇ ਸਦਾਚਾਰਕ ਹਨ; ਸਰੀਰਕ ਜਿੱਤਾਂ ਕੋਈ ਜਿੱਤਾਂ ਨਹੀਂ। ਮੇਰਾ ਖਿਆਲ ਹੈ; **ਜੋ ਗੁਰੂ ਸਾਹਿਬ ਦੀ ਕਿਰਪਾਨ ਪਹਿਨਦਾ ਹੈ, ਸਹਿਜੇ ਹੀ ਉਚੀ ਰੂਹਾਨੀਅਤ ਵਾਲਾ ਹੈ**, ਉਸ ਦੀ ਰੂਹਾਨੀ ਸ਼ਕਤੀ ਵਾਲਾ। ਇਹ ਕਾਫ਼ੀ ਹੈ। ਭੇਡ-ਚਾਲ ਵਾਂਗ ਗੁਰੂ ਦੀ ਕਿਰਪਾਨ ਧਾਰਨ ਕਰਨਾ ਬੜਾ ਵੱਡਾ ਮਜ਼ਾਕ ਹੈ, ਜਿਵੇਂ ਕਿ ਜਗਨ ਨਾਥ ਦੇ ਮੰਦਰ ਵਿਚ ਪੱਥਰ ਦੀ ਮੂਰਤੀ ਸਾਵੇਂ ਪਿਤਲ ਦੀ ਥਾਲੀ ਵਿਚ ਤੇਲ ਦੇ ਦੀਵੇ ਬਾਲੇ ਹੋਏ ਹੋਣ, ਜਿਸ ਦੇ ਵਿਰੁੱਧ ਗੁਰੂ ਨਾਨਕ ਨੇ ਆਪਣੀ ਪ੍ਰਸਿਧ ਆਰਤੀ ਗਾਵੀਂ ਹੈ। ਉਸ ਦੀ ਕਿਰਪਾਨ ਪਹਿਨਣ ਦਾ ਕੋਈ ਅਰਥ ਨਹੀਂ, ਜੋ ਆਦਮੀ ਪੂਰਾ ਰੂਹਾਨੀ ਨਹੀਂ ਹੋ ਜਾਂਦਾ ਅਤੇ ਮਨੁੱਖ ਦਾ ਅੰਦਰਲਾ ਪਸ਼ੂ ਸਿਧਾਇਆ ਹੋਇਆ ਪਾਲਤੂ ਨਹੀਂ ਬਣ ਜਾਂਦਾ, ਜਿਵੇਂ ਕਿ ਸੇਂਟ ਫਰਾਂਸਿਸ ਨੇ ਕਿਹਾ ਸੀ 'ਉਸ ਦਾ ਗਧਾ' ਜਾਂ ਆਪਣੇ ਪੁਰਾਣੇ ਆਪੇ ਦਾ ਭੁਲਿਆ ਵਿਸਰਿਆ ਪਰਛਾਵਾਂ।

ਜਦੋਂ ਉਸ ਨੇ ਮੇਰੇ ਕੇਸਾਂ ਨੂੰ ਛੋਹਿਆ ਤੇ ਅਸੀਸ ਦਿੱਤੀ ਹੈ, ਮੈਂ ਪਤਿਤ ਕਿਵੇਂ ਹੋ ਸਕਦਾ ਹਾਂ। ਸਿੱਖ ਤਾਂ ਆਪਣਾ ਸਭ ਕੁਝ ਸਮਰਪਤ ਕਰ ਚੁਕਾ ਹੈ। ਮੈਂ ਆਪਣੇ ਕੇਸਾਂ ਵਿਚ ਉਸ ਦੀ ਛੋਹ ਦੀ ਸੁਗੰਧੀ ਸਾਂਭ ਰਖੀ ਹੈ। ਮੈਂ ਸੁਹਾਗਣੀ ਹਾਂ। ਅੱਜ ਦੇ ਮਨੁੱਖ ਨੇ, ਉਸ ਸੁਹਾਗਣੀ ਦੇ ਪਟੇ ਬਣਵਾ ਦਿੱਤੇ ਹਨ। ਪਰ ਈਸਾ ਦੇ ਪਵਿੱਤਰ ਕੇਸ ਮਰਦ ਜਾਂ ਇਸਤ੍ਰੀ ਦੇ ਸੁਹੱਪਣ ਦੇ ਚਿੰਨ੍ਹ ਹਨ। ਆਕਾਸ਼ ਵਿਚ ਫਿਰਦੇ ਬੱਦਲ ਦੇ ਹਿਰਦੇ ਵਿਚ ਬਿਜਲੀ ਦੀ ਚਮਕ ਛੁਪੀ ਹੈ, ਅਤੇ ਗੁਰੂ ਸਾਹਿਬਾਂ ਦੀ ਜੀਵਨ-ਚਿਣਗ ਇਨ੍ਹਾਂ ਕੇਸਾਂ ਦੇ ਜੂੜੇ ਵਿਚ ਹੈ। ਇਹ ਕਹਿਣਾ ਕਿ ਇਨ੍ਹਾਂ ਨੂੰ ਰੱਖਣਾ ਔਖਾ ਹੈ। ਪਰ ਬਿਨਾਂ ਚਾਓ ਦੇ ਜੀਵਨ ਵਧੇਰੇ ਦੁਖਦਾਈ ਹੈ। ਸਰੀਰ ਵੀ ਕੋਈ ਘੱਟ ਦੁਖਦਾਈ ਨਹੀਂ। ਰੋਜ਼ਾਨਾ ਸਾਬਣ, ਪੌਡਰ, ਪਫ਼ ਅਤੇ ਲਾਲੀ, ਕਲਿਪ ਅਤੇ ਕੰਨਾਂ ਦੀਆਂ ਵਾਲੀਆਂ ਅਤੇ ਵਾਲਾਂ ਦੇ ਛੱਤਿਆਂ ਨੂੰ ਸੰਵਾਰਨਾ ਕੋਈ ਘੱਟ ਦੁਖਦਾਈ ਨਹੀਂ। ਜਦੋਂ ਮਨੁੱਖ ਅਜਿਹੀਆਂ ਗੱਲਾਂ ਦਾ ਆਦੀ ਹੋ ਜਾਂਦਾ ਹੈ, ਜਿਵੇਂ ਮਨੁੱਖੀ ਸਰੀਰ ਅਜਿਹੇ ਔਖੇ ਜੀਵਨ ਨਾਲ ਸਹਿਮਤ ਹੋ ਜਾਂਦਾ ਹੈ, ਇਹ ਰੂਹਾਨੀ ਸੁੰਞਾਪਨ ਹੈ। ਕੇਸਾਂ ਨੂੰ, ਜੋ ਮਨੁੱਖਤਾ ਦਾ ਰੂਹਾਨੀ ਤਾਜ ਹੈ, ਕਟਣ ਬਾਰੇ ਸੋਚਣਾ ਰੱਬ ਅਤੇ ਗੁਰੂ ਨਾਲ ਪਿਆਰ ਦਾ ਦੀਵਾਲੀਆਪਣ ਹੈ। ਅੱਜ ਦੀ ਇਸਤ੍ਰੀ, ਜਿਵੇਂ ਮੈਂ ਕਿਸੇ ਹੋਰ ਥਾਂ ਕਿਹਾ ਹੈ, ਆਪਣੇ ਵਾਲ ਕਟਾ ਕੇ ਅਤੇ ਗੁਲਾਬ ਦੇ ਗੁੰਚਿਆਂ ਵਰਗੇ ਬੁਲ੍ਹਾਂ ਤੇ ਲਿਪਸਟਿਕ ਲਗਾ ਕੇ ਆਪਣੀ ਰੂਹ ਗਵਾ ਬੈਠੀ ਹੈ।



www.AKJ.Org

ਮੈਂ ਇਕ ਮੂਰਖ ਸਿੱਖ ਪਰਚਾਰਕ ਨੂੰ, ਜੋ ਸਿੱਖਾਂ ਦੀ ਇਕ ਸੰਗਤ ਵਿਚ ਲੋਕਾਂ ਨੂੰ ਵਿਸ਼ਵਾਸ ਨਾਲ ਕਹਿ ਰਿਹਾ ਸੀ, ਪਿਛਲੇ ਦਿਨੀਂ ਇਹ ਕਹਿੰਦੇ ਸੁਣਿਆ ਕਿ ਗੁਰੂ ਸਾਹਿਬ ਦਾ ਕੜਾ ਬਿਜਲੀ ਤੋਂ ਬਚਾਓ ਲਈ ਹੈ। ਉਸ ਨੇ ਕਿਹਾ ਕਿ ਜਿਵੇਂ ਵੱਡੀਆਂ ਇਮਾਰਤਾਂ ਦਾ ਲੋਹੇ ਦੀ ਸਿਲਾਖ ਨਾਲ ਬਿਜਲੀ ਤੋਂ ਬਚਾਓ ਕਰ ਲਿਆ ਜਾਂਦਾ ਹੈ, ਇਸੇ ਤਰ੍ਹਾਂ ਗੁਰੂ ਸਾਹਿਬ ਨੇ ਮਨੁੱਖ ਨੂੰ ਬਿਜਲੀ ਦੇ ਅਸਰ ਤੋਂ ਬਚਾਇਆ ਹੈ। ਉਹ ਬੜੇ ਜੋਸ਼ ਵਿਚ ਵਿਅਰਥ ਹੀ ਬਾਹਵਾਂ ਮਾਰ ਮਾਰ ਕਹੀ ਜਾ ਰਿਹਾ ਸੀ ਤਾਂ ਕਿ ਗੁਰੂ ਸਾਹਿਬਾਂ ਦੀ ਬਖਸ਼ੀਸ਼, ਇਸ ਕੜੇ ਦੀ ਅਦੁੱਤੀ ਲੋੜ ਨੂੰ ਸਾਬਤ ਕਰਨ ਲਈ ਕੋਈ ਦਲੀਲ ਜੁਟਾ ਸਕੇ। ਸਾਡੇ ਨਿੱਜੀ ਰੱਬ ਤੋਂ ਪ੍ਰਾਪਤ ਹੋਈ, ਆਪਣੇ ਮਾਤਾ, ਪਿਤਾ, ਭੈਣ, ਸਵਾਮੀ ਨਾਲੋਂ ਵੀ ਪਿਆਰੀ ਇਹ ਦਾਤਿ ਤਾਂ ਸਾਨੂੰ ਉਸੇ ਦੀ ਬਖਸ਼ਿਸ਼ ਹੈ ਅਤੇ ਉਸ ਦੀ ਅਸੀਸ ਹੈ। ਲਾਹਨਤ ਹੈ ਸਾਡੇ ਤੇ, ਜੇ ਅਸੀਂ ਮੁੜ ਮੁੜ ਉਸ ਬਾਰੇ ਬਹਿਸ ਕਰੀਏ। ਉਸ ਨੇ ਮੇਰੇ ਕੇਸਾਂ ਨੂੰ ਛੋਹਿਆ ਅਤੇ ਮੈਂ ਰੱਖੇ ਹੋਏ ਹਨ, ਜਦੋਂ ਮੈਂ ਆਪਣੀ ਬਾਂਹ ਉਤਾਂਹ ਚੁੱਕਦਾ ਹਾਂ ਅਤੇ ਕੜਾ ਚਮਕਦਾ ਹੈ, ਮੈਨੂੰ ਉਸ ਦੀ ਕਲਾਈ ਯਾਦ ਆ ਜਾਂਦੀ ਹੈ, ਜੋ ਉਹ ਪਾਉਂਦੀ ਸੀ—ਬਿਲਕੁਲ ਇਹੋ ਜਿਹਾ। ਕੀ ਇਹ ਬਾਂਹ, ਮੇਰੀ ਕਲਾਈ ਤੇ ਪਏ ਚਮਕ ਰਹੇ ਕੜੇ ਵਾਲੀ, ਉਸ ਦੀ ਨਹੀਂ ? ਦੂਜੇ ਧਰਮ ਇਕ ਜਟਿਲ ਚਿੰਨ੍ਹ-ਵਾਦ ਵਿਚ ਜੀਉਂਦੇ ਹਨ। ਮੇਰਾ, ਸਿੱਖ ਦਾ, ਕੋਈ ਮਜ਼ਹਬ ਨਹੀਂ। ਉਸ ਨੇ ਮੈਨੂੰ ਪਿਆਰ ਕੀਤਾ। ਉਸ ਨੇ ਮੈਨੂੰ ਆਪਣਾ ਬਣਾਇਆ। ਕਿਰਪਾਨ ਉਹ ਮਨ ਹੈ, ਜਿਸ ਵਿਚ ਗੁਰੂ ਵਸਦਾ ਹੈ। ਕੜਾ ਉਸ ਦੀ ਯਾਦ ਦੀ ਨਿਸ਼ਾਨੀ ਹੈ। ਮੇਰੇ ਕੇਸ ਬਰਫ ਦੀ ਲੱਦੀ ਚੋਟੀ ਦੁਆਲੇ ਘੁੰਮਦੇ ਬੱਦਲਾਂ ਵਰਗੇ ਹਨ, ਉਹ ਸਦਾ ਇਕੱਠੇ ਹੁੰਦੇ, ਇਕੱਠੇ ਹੁੰਦੇ ਅਤੇ ਸਦਾ ਵਸਦੇ, ਵਸਦੇ ਹਨ। ਮੇਰੇ ਪਵਿੱਤਰ ਕੇਸਾਂ ਵਿਚ ਗੰਗਾ, ਜਮਨਾ ਅਤੇ ਗੋਦਾਵਰੀ ਵਗਦੀਆਂ ਹਨ। ਕੀ ਮੇਰੇ ਪਾਸ ਗੁਰੂ ਸਾਹਿਬ ਦਾ ਬਖਸ਼ਿਆ ਕੰਘਾ ਹੈ ? ਕੀ ਮੇਰੇ ਪਾਸ ਹੋਰ ਦਾਤਾਂ ਹਨ ? ਮੈਂ ਉਹ ਗਵਾ ਦਿੱਤੀਆਂ ਹੋਣਗੀਆਂ। ਪਰ ਮੈਂ ਆਪਣੇ ਕੇਸ ਨਹੀਂ ਗਵਾ ਸਦਕਾ। ਆਪਣਾ ਕੜਾ ਨਹੀਂ ਸੁਟ ਸਕਦਾ। ਕਿਉਂਕਿ, ਤੁਹਾਨੂੰ ਯਾਦ ਹੈ ਕਿ ਕਿਵੇਂ ਉਸ ਨੇ ਆਪਣੇ ਸਿੱਖ, ਭਾਈ ਗੁਰਦਾਸ ਨੂੰ ਬਨਾਰਸ ਤੋਂ ਵਾਪਸ ਮੰਗਵਾਇਆ ਸੀ। ਸੇਵਕ ਆਦੇਸ਼ ਅਨੁਸਾਰ ਗਏ ਅਤੇ ਉਸ ਦੇ ਹੱਥ ਬੰਨ੍ਹ ਕੇ ਬਨਾਰਸ ਤੋਂ ਅੰਮ੍ਰਿਤਸਰ ਲਿਆਏ। ਇਸ ਤਰ੍ਹਾਂ ਮਾਲਕ ਦੇ ਸੱਦੇ ਕਾਰਨ ਹੋਇਆ ਸੀ। ਸਾਨੂੰ ਹਰ ਇਕ ਨੂੰ ਬੁਲਾਵਾ ਆਉਂਦਾ ਹੈ। ਅਸੀਂ ਉਸ ਦੀ ਰੂਹਾਨੀ ਸੈਨਾ ਹਾਂ। ਸਾਨੂੰ ਉਸ ਦੀ ਬਖਸ਼ੀਸ਼, ਕੜਾ ਪਾਉਣਾ ਹੀ ਪੈਣਾ ਹੈ ਅਤੇ ਅਸੀਂ ਉਸ ਦੇ ਅਧੀਨ ਪਿਆਰ ਦੇ ਕੈਦੀ ਹਾਂ। ਇਹ ਪਿਆਰ ਦੀਆਂ ਬੇੜੀਆਂ ਹਨ, ਸਾਡੀ ਸੁਤੰਤਰਤਾ ਦੀ ਕੀਮਤ। ਹਰ ਸਿੱਖ ਗੁਰੂ ਗੋਬਿੰਦ ਸਿੰਘ ਦੇ ਕੇਸ ਤੇ ਦਾੜ੍ਹੀ ਰੱਖਦਾ ਹੈ। ਸਾਨੂੰ ਉਸ ਆਪਣਾ ਰੂਪ ਹੀ ਦੇ ਦਿੱਤਾ ਹੈ।

ਜਿਨ੍ਹਾਂ ਨੂੰ ਗੁਰੂ ਨਾਲ ਉਹ ਨਿੱਜੀ ਪਿਆਰ ਨਹੀਂ, ਉਹ ਅੱਜੇ ਦਰਵਾਜਿਉਂ ਬਾਹਰ ਹੀ ਹਨ। ਪਰ ਸਾਡੀ ਮੁਕਤੀ ਉਸੇ ਵਿਚ ਹੈ ਅਤੇ ਉਸ ਤੋਂ ਬਿਨਾਂ ਹੋਰ ਕਿਤੇ ਨਹੀਂ। ਸਾਡੇ ਨਾਲ ਉਸ ਸਿੱਖ ·ਪਰਚਾਰਕ ਵਰਗੀ ਗੱਲ ਨਾ ਕਰੋ। ਇਹ ਕਿਸੇ ਧਰਮ ਦੇ ਚਿੰਨ੍ਹ ਨਹੀਂ, ਜਾਂ ਕਿਸੇ ਧਾਰਮਿਕ ਪ੍ਰਣਾਲੀ ਦੀ ਜ਼ਰੂਰੀ ਮਰਯਾਦਾ। ਇਹ ਤਾਂ ਸਾਡੇ ਸੁਹਾਗਣੀਆਂ ਹੋਣ ਦੇ ਚਿੰਨ੍ਹ ਹਨ। ਇਹ ਤਾਂ ਸ਼ੌਹਰ ਵੱਲੋਂ ਮਿਲੇ ਵਿਆਹ ਦੇ ਤੋਹਫੇ ਹਨ। ਉਸ ਨੇ ਇਹ ਸਾਰੇ ਸਾਨੂੰ ਦਿੱਤੇ ਅਤੇ ਉਹ ਪਵਿੱਤਰ ਹਨ। ਅੰਧ ਵਿਸ਼ਵਾਸ ? ਹਾਂ। ਪਰ ਕਿਸ ਪਿਆਰ ਵਿਚ, ਅਤੇ ਜਿਥੇ ਅਸਲ ਵਿਚ ਪਿਆਰ ਹੈ, ਕੀ ਇਹ ਅੰਧ-ਵਿਸ਼ਵਾਸ ਨਹੀਂ ?

'ਜਿਨ ਕੇ ਚੋਲੇ ਰੱਤੜੇ' ਪੁਸਤਕ ਵਿਚੋਂ

---

## ਭਾਈ ਗੁਰਬਚਨ ਸਿੰਘ ਜੀ ਦੀ ਯਾਦ ਵਿਚ ਸ੍ਰੀ ਅਖੰਡਪਾਠ ਸਮਾਗਮ

ਭਾਈ ਗੁਰਬਚਨ ਸਿੰਘ ਜੀ (ਸੰਗਤਾਂ ਦੇ ਸਮਾਗਮ ਵਿਚ ਮਿਸਰੀ ਵੰਡਣ ਵਾਲਿਆਂ) ਦੀ ਪਹਿਲੀ ਬਰਸੀ ਦੇ ਸੰਬੰਧ ਵਿਚ, ਸ੍ਰੀ ਅੰਮ੍ਰਿਤਸਰ ਦੀਆਂ ਸੰਗਤਾਂ ਵਲੋਂ, ਮਾਸਟਰ ਜਸਵੰਤ ਸਿੰਘ ਜੀ ਦੇ ਗ੍ਰਿਹ 542 ਈਸਟ ਮੋਹਨ ਨਗਰ ਵਿਖੇ (ਅਜੀਤ ਨਗਰ ਦੇ ਨਾਲ ਹੀ) 3 ਮਾਰਚ 1985 ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪਾਏ ਜਾਣਗੇ। ਉਪ੍ਰੰਤ 11 ਵਜੇ ਤਕ ਅਖੰਡ ਕੀਰਤਨ ਹੋਣਗੇ। ਆਇ ਜੁੜੋ ਜੀ।


www.AKJ.org

# ਕਲਗੀਆਂ ਵਾਲੇ ਦਾ ਸਿੰਘ

[ਸ: ਸੰਤਾ ਸਿੰਘ ਜੀ ਆਜਿਜ਼, ਲੁਧਿਆਣਾ]

ਕਲਗੀਆਂ ਵਾਲੇ ਦੇ ਸਿੰਘ ਦਾ ਕੀ ਕਹਿਣਾ ਏ। ਸੇਵਾ ਪਰਉਪਕਾਰ ਹੀ ਇਸ ਦਾ ਗਹਿਣਾ ਏ।
ਨੇਕੀ ਤੇ ਭਲਿਆਈ ਇਸਦਾ ਸੁਪਨਾ ਏ। ਜੀਵਨ ਜੀਵਨ ਜਪਣਾ ਤੇ ਵੰਡ ਛਕਣਾ ਏ।
ਕਥਾ ਕੀਰਤਨ ਸਤਿਸੰਗਤ ਦਾ ਪ੍ਰੇਮੀ ਇਹ। ਪੰਜ ਬਾਣੀਆਂ ਨਿਤ ਪੜ੍ਹਦਾ ਨਿਤਨੇਮੀ ਇਹ।
ਮੁਖ ਤੇ ਕੁੰਡੀਆਂ ਮੁੱਛਾਂ ਭਰਵਾਂ ਦਾਹੜਾ ਏ। ਆਜ਼ਾਦੀ ਦੀ ਦੁਲਹਨ ਦਾ ਇਹ ਲਾੜਾ ਏ।
ਸੋਂਹਦਾ ਸਿਰ ਤੇ ਖ਼ੂਬ ਦੋਹਰਾ ਦਸਤਾਰਾ ਏ। ਬਖਸ਼ਿਆ ਗੁਰ ਦਸਮੇਸ਼ ਇਹ ਤਾਜ ਨਿਆਰਾ ਏ।
ਗਾਤਰੇ ਤੇ ਕਿਰਪਾਨ ਦੀ ਸੋਭਾ ਨਿਆਰੀ ਏ। ਸ੍ਰੀ ਸਾਹਿਬ ਸਿੰਘਾਂ ਦੀ ਪ੍ਰਾਨ-ਆਧਾਰੀ ਏ।
ਸਜਦਾ ਇਸਦੇ ਤੇੜ ਕਛਹਿਰਾ ਜਤ ਸਤਿ ਦਾ। ਪਹਿਰਾਵਾ ਅਤਿ ਉਤਮ ਹੈ ਇਹ ਗੁਰਮਤਿ ਦਾ।
ਕੇਸ ਤੇ ਕੰਘਾ ਕੜਾ ਇਹਦਾ ਸਰਮਾਇਆ ਏ। ਖੰਡੇ ਦੇ ਅੰਮ੍ਰਿਤ ਨੇ ਰੰਗ ਚੜ੍ਹਾਇਆ ਏ।
ਪੰਜ ਕਕਾਰ ਧਾਰ ਖ਼ੂਬ ਸਿੰਘ ਸਜਦਾ ਏ। ਚੜ੍ਹੇ ਨਾਮ ਦਾ ਰੰਗ ਸ਼ੇਰ ਗਜਦਾ ਏ।
ਅਮਰ ਹੋ ਜਾਵੇ ਸਿੰਘ ਜੋ ਅੰਮ੍ਰਿਤ ਛਕਦਾ ਏ। ਡਰ ਡਰ ਮਰੇ ਨਿਗੁਰਾ ਜੋ ਛਕਣੋਂ ਝਕਦਾ ਏ।
ਅੰਮ੍ਰਿਤ ਸਿੰਘ ਨੂੰ ਗੁਰੂ ਦੇ ਚਰਨੀਂ ਲਾ ਦਿੰਦਾ। ਗੁਰੂ ਸਿੰਘ ਨੂੰ ਵਾਹਿਗੁਰੂ ਨਾਲ ਮਿਲਾ ਦਿੰਦਾ।
ਬੜੀ ਤੋਂ ਬੜੀ ਬਿਪਤ ਇਹਦੇ ਤੇ ਆਈ ਏ। ਮੌਤ ਸਦਾ ਇਸ ਦੇ ਸਿਰ ਤੇ ਮੰਡਲਾਈ ਏ।
ਤਨ ਤੋਂ ਨੰਗਾ, ਭੁਖਾ, ਰਹੇ ਪਿਆਸਾ ਵੀ। ਮੌਤ ਨੂੰ ਛਿਬੀਆਂ ਦੇਂਦਾ ਹੱਸਦਾ ਹਾਸਾ ਵੀ।
ਕਰਦਾ ਰਿਹਾ ਜਗ ਦੇ ਆਬਾਦ ਘਰਾਣੇ ਸਭ। ਹੁੰਦੇ ਰਹੇ ਇਸ ਦੇ ਬਰਬਾਦ ਟਿਕਾਣੇ ਸਭ।
ਵੈਰੀ ਦੇ ਹਮਲੇ ਮੋਹਰੇ ਤਣ ਖੜਦਾ ਇਹ। ਕਲਾ ਕਲਾ ਸਵਾ ਲਖ ਨਾਲ ਲੜਦਾ ਇਹ।
ਭਲਾ ਖ਼ਲਕ ਦਾ ਮੰਗੇ, ਸੁਖ ਜ਼ਮਾਨੇ ਦਾ। ਅਮਨ ਦਾ ਪਹਿਰੇਦਾਰ ਤੇ ਸ਼ਾਕਰ ਭਾਣੇ ਦਾ।
ਜਨਤਾ ਦਾ ਸੇਵਕ, ਪੁਤਲਾ ਕੁਰਬਾਨੀ ਦਾ। ਮਿਤਰ ਨਿਮਾਣੇ ਦਾ, ਵੈਰੀ ਅਭਿਮਾਨੀ ਦਾ।
ਇਸ ਦੀ ਦੁਖ-ਕਲੇਸ਼ਾਂ ਨਾਲ ਭਿਆਲੀ ਏ। ਬਦਹਾਲੀ ਨੂੰ ਮੰਨਦਾ ਇਹ ਖੁਸ਼ਹਾਲੀ ਏ।
ਲਖਾਂ ਦੇ ਵਿਚ ਰਲ ਕੇ ਵੀ ਸਿੰਘ ਵਖਰਾ ਏ। ਵਖਰਾ ਨਾਜ਼ ਅੰਦਾਜ਼ ਤੇ ਵਖਰਾ ਨਖਰਾ ਏ।
ਮਾਰ ਭਜਾਇਆ ਗਜ਼ਨੀ ਦੇ ਸੁਲਤਾਨਾਂ ਨੂੰ। ਰਾਜ ਬਹਾਇਆ ਸਦੀਆਂ ਬਾਅਦ ਗੁਲਾਮਾਂ ਨੂੰ।
ਵੈਰੀ ਦੇ ਹਰ ਹਮਲੇ ਡਟ ਕੇ ਡਕੇ ਸਨ। ਅੰਗਰੇਜ਼ਾਂ ਦੇ ਏਸ ਛੁਡਾਏ ਛਕੇ ਸਨ।
ਇਸ ਨੇ ਡਾਢੇ ਜਰਮਨ ਨੂੰ ਯਰਕਾ ਦਿਤਾ। ਝਲਪੁਣਾ ਜਾਪਾਨ ਦਾ ਪਲ ਵਿਚ ਲਾਹ ਦਿਤਾ।
ਫ਼ੌਜਾਂ ਆਜ਼ਾਦੀ ਦੀਆਂ ਇਹਨੇ ਸਜਾਈਆਂ ਸਨ। ਜਿੰਦਾਂ ਸ਼ੇਲ ਜਵਾਨੀਆਂ ਘੋਲ ਘੁਮਾਈਆਂ ਸਨ।
ਹੋਏ ਗ਼ੁਲਾਮ ਆਜ਼ਾਦ, ਬਦਲੀਆਂ ਨਜ਼ਰਾਂ ਨੇ। ਮਿਟੀ ਵਿਚ ਮਿਲੀਆਂ ਸਿੰਘਾਂ ਦੀਆਂ ਕਦਰਾਂ ਨੇ।
ਆਜ਼ਾਦੀ ਦਾ ਘੋਲ ਜਿਹਨਾਂ ਲਈ ਕੀਤਾ ਏ। ਉਹਨਾਂ ਕਸਾਈਆਂ ਖ਼ੂਨ ਇਹਦਾ ਪੀਤਾ ਹੈ।
ਪੀ ਲਉ ਦੁਸ਼ਟੋ ਰਜ ਰਜ ਖ਼ੂਨ ਸ਼ਹੀਦਾਂ ਦਾ। ਸੁਣੇਗਾ ਮਿਤਰ ਕਦੀ ਤਾਂ ਹਾਲ ਮੁਰੀਦਾਂ ਦਾ।
ਖੁਲ੍ਹ ਜਾਇਗਾ ਪਾਜ ਕਸਾਈਆਂ ਜ਼ਾਰਾਂ ਦਾ। ਮੁਲ ਪਾਏਗਾ ਦੇਸ਼ ਸਿੰਘ ਸਰਦਾਰਾਂ ਦਾ।

---

ਚਿਟ ਨੰਬਰ ੨੧੭੭/੩੩੫੧ ਅਮਾਨਤੀ ਲਾਈਫ਼ ਮੈਂਬਰ ਦਿਲੀ ਵਾਲਿਆਂ ਦਾ ਹੁਣ ਸਹੀ ਐਡਰੈਸ ਇਉਂ ਹੈ–
ਭਾਈ ਅਮੋਲਕ ਸਿੰਘ ਬੀਬੀ ਤ੍ਰਿਲੋਚਨ ਕੌਰ, P. O. Box 92, Makindu, Kenya.

---

## ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਜੀ ਰਾਮਪੁਰ ਸੂਚਨਾ ਦੇਂਦੇ ਹਨ ਕਿ ਰੈਣ ਸਬਾਈ ਕੀਰਤਨ ੯-੨-੮੫ ਸ਼ਨੀਵਾਰ ਦੀ ਰਾਤ ਨੂੰ ਭਾਈ ਸੰਤੋਖ ਸਿੰਘ ਜੀ ਦੇ ਗ੍ਰਹਿ ਪਿੰਡ ਬੁੱਢੇਵਾਲ ਵਿਖੇ ਹੋਣੇ ਹਨ। ਆਇ ਜੁੜੋ ਜੀ।

www.AKJ.Org

# ਸ਼ਹੀਦੀ ਤੇ ਪੀੜਤ-ਪਰਵਾਰ ਫ਼ੰਡ

ਦਿੱਲੀ, ਕਾਨ੍ਹਪੁਰ ਅਤੇ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਨਵੰਬਰ ਦੇ ਪਹਿਲੇ ਹਫ਼ਤੇ ਸਿੱਖਾਂ ਦਾ ਜੋ ਕਤਲੇ-ਆਮ ਹੋਇਆ, ਅਨੇਕਾਂ ਬੀਬੀਆਂ ਵਿਧਵਾ ਹੋਈਆਂ ਤੇ ਹਜ਼ਾਰਾਂ ਬੱਚੇ ਯਤੀਮ ਹੋ ਗਏ, ਅਖੰਡ ਕੀਰਤਨੀ ਜਥੇ ਦੇ ਵੀ ਕਈ ਪਰਵਾਰ ਤਬਾਹ ਤੇ ਬਰਬਾਦ ਹੋਏ ਅਤੇ ਕਈ ਗੁਰੂ ਕੇ ਲਾਲ ਜੂਝ ਕੇ ਸ਼ਹੀਦੀਆਂ ਪਾ ਗਏ, ਇਨ੍ਹਾਂ ਪੀੜਤ ਪਰਵਾਰਾਂ ਦੀ ਸਹਾਇਤਾ ਲਈ ਅਸਾਂ ਆਪਣਾ ਫ਼ਰਜ਼ ਨਿਭਾਣਾ ਹੈ। ਇਸ ਸੰਬੰਧ ਵਿਚ ਜੋ ਰਕਮਾਂ ਚੈਕਾਂ ਜਾਂ ਡਰਾਫ਼ਟਾਂ ਰਾਹੀਂ ਭੇਜੀਆਂ ਜਾਂਦੀਆਂ ਹਨ, ਉਨ੍ਹਾਂ ਉਪਰ ਕਿਸੇ ਦਾ ਜ਼ਾਤੀ ਨਾਂ ਲਿਖਣ ਦੀ ਲੋੜ ਨਹੀਂ, ਕੇਵਲ "ਅਖੰਡ ਕੀਰਤਨੀ ਜਥਾ ਅੰਮ੍ਰਿਤਸਰ" ਹੀ ਕਾਫ਼ੀ ਹੈ। ਸਿੱਖ ਸੰਗਤਾਂ ਵਲੋਂ ਬੀਤੇ ਮਹੀਨੇ ਹੇਠ ਲਿਖੇ ਅਨੁਸਾਰ ਰਕਮਾਂ ਪੁਜੀਆਂ ਹਨ—

| | |
|---|---|
| ਸ: ਕਰਨੈਲ ਸਿੰਘ, ਖਰੜ | ੧੦੦-੦੦ |
| ਸ: ਅਜੀਤ ਸਿੰਘ, ਕੈਰੋਂ | ੧੦੦-੦੦ |
| ਸ: ਤੇਗਾ ਸਿੰਘ, ਲਤਾਲਾ | ੫੦੦-੦੦ |
| ਸ: ਮੇਵਾ ਸਿੰਘ, ਲੁਧਿਆਣਾ | ੧੩੬-੦੦ |
| ਨੰਬਰਦਾਰ ਕਿਰਪਾਲ ਸਿੰਘ, ਮਲ ਮਾਜਰਾ | ੫੦-੦੦ |
| ਸ: ਸੇਵਾ ਸਿੰਘ D.S.P. (Retd) ਮੋਹਾਲੀ | ੧੦੧-੦੦ |
| ਸ: ਬਲਵੰਤ ਸਿੰਘ ਖਾਲਸਾ, ਫੀਰੋਜ਼ਪੁਰ | ੨੦੦-੦੦ |
| ਗੁਪਤ ਪ੍ਰੇਮੀ, ਸੁਜਾਨਪੁਰ | ੩੦-੦੦ |
| ਮਾਸਟਰ ਸਤਵੰਤ ਸਿੰਘ, ਰਾਮਪੁਰ | ੧੦੦-੦੦ |
| ਸ: ਨਰਿੰਦਰ ਸਿੰਘ, ਸੰਧੂਆਂ | ੧੦੦-੦੦ |
| ਬੀਬੀ ਸੰਤ ਕੌਰ, ਲੁਧਿਆਣਾ | ੫੧-੦੦ |
| ਸ: ਲਹਿਣਾ ਸਿੰਘ, ਨੰਗਲ | ੮੦-੦੦ |
| ਸ: ਪਰਮਜੀਤ ਸਿੰਘ ਖਾਲਸਾ, ਲੁਧਿਆਣਾ | ੧੦-੦੦ |
| ਸ: ਹਰਮੰਦਰ ਸਿੰਘ ਬਾੜੀ ਜਲਾਲਪੁਰ ਯੂ. ਪੀ. | ੫੦-੦੦ |
| ਭਾ: ਕ੍ਰਿਪਾਲ ਸਿੰਘ ਅੰਮ੍ਰਿਤਸਰ(ਸਮਾਗਮ ਸਮੇਂ) | ੭੮-੯੦ |
| ਬੀਬੀ ਚਰਨ ਕੌਰ ਟੀਚਰ, ਪਟਿਆਲਾ | ੧੦੦-੦੦ |
| ਸ: ਦਵਿੰਦਰ ਸਿੰਘ, ਖੇਤਰੀ ਨਗਰ(ਰਾਜਸਥਾਨ) | ੫੦-੦੦ |
| ਸ: ਜੀਵਨ ਸਿੰਘ, ਨਰੈਣ ਗੜ੍ਹ | ੧੧-੦੦ |
| ਜਥੇਦਾਰ ਭਾਈ ਰਾਮ ਸਿੰਘ ਅੰਮ੍ਰਿਤਸਰ | ੧੦੦-੦੦ |
| ਸ: ਸਤਨਾਮ ਸਿੰਘ ਬੰਬੇ | ੧੦੦੦-੦੦ |
| ਬੀਬੀ ਪ੍ਰਕਾਸ਼ ਕੌਰ, ਅੰਮ੍ਰਿਤਸਰ | ੧੦੦-੦੦ |
| ਸ: ਗੁਰਬਿੰਦਰ ਸਿੰਘ, ਅੰਮ੍ਰਿਤਸਰ | ੫੦-੦੦ |
| ਸ: ਗੁਰਨਾਮ ਸਿੰਘ, ਬਰਨਾਲਾ | ੫੦੦-੦੦ |
| ਸ: ਸੁਬੇਗ ਸਿੰਘ, ਸਿਡਨੀ | ੩੫੧੬-੯੮ |
| ਗੁਪਤ ਬੀਬੀ ਜੀ | ੧੬੫੦-੦੦ |
| ਭਾ: ਸੁਖਦੇਵ ਸਿੰਘ ਨਿਮਾਣਾ, ਤਲਵਾੜਾ | ੧੦੦-੦੦ |
| ਇਕ ਸਿੰਘ ਜੀ | ੫੦-੦੦ |
| ਇਕ ਸਿੰਘ ਜੀ | ੪੦-੦੦ |
| ਬੀਬੀ ਜਗਦੀਸ਼ ਕੌਰ, ਚੰਡੀਗੜ੍ਹ | ੧੦੦-੦੦ |
| ਭਾਈ ਗੁਰਚਰਨ ਸਿੰਘ, ਚੰਡੀਗੜ੍ਹ | ੯੧੮-੦੦ |
| J.W.O. ਦੀਦਾਰ ਸਿੰਘ, ਮਦਰਾਸ | ੨੫੦-੦੦ |
| ਗੁਪਤ, ਖੰਨਾ | ੨੦-੦੦ |
| ਸਾਧ ਸੰਗਤ, ਮੁੰਡੀ* | ੮੦੦-੦੦ |
| ਸ: ਗੁਰਵਿੰਦਰ ਸਿੰਘ, Kymore ਜਬਲਪੁਰ | ੧੦੧-੦੦ |
| ਸ਼ਹੀਦ ਭਾ: ਅਵਤਾਰਸਿੰਘ ਜੀ ਕੁਰਾਲਾ ਪ੍ਰਵਾਰ | ੫੦੦-੦੦ |
| ਸ: ਸਵਰਨ ਸਿੰਘ ਹੈਦਰਾਬਾਦ | ੧੦੦੦-੦੦ |
| ਸ: ਅਜੀਤ ਸਿੰਘ ਐਸ.ਓ. ਬਠਿੰਡਾ | ੧੦੦੦-੦੦ |
| ਭਾ: ਸ਼ੇਰ ਸਿੰਘ | ੧੦੧-੦੦ |
| ਭਾ: ਸਤਵਿੰਦਰ ਸਿੰਘ | ੧੨੫-੦੦ |
| ਸ: ਰਾਜਿੰਦਰ ਸਿੰਘ ਰੀਹਲ, ਕਰੀਹਾ | ੨੧-੦੦ |
| ਸ: ਹਰਜੀਤ ਸਿੰਘ, ਕੋਟਾ | ੧੦੦-੦੦ |
| ਸ: ਗੁਰਮੁਖ ਸਿੰਘ, ਬਰੇਲੀ | ੫੦-੦੦ |
| ਸ: ਦਰਸ਼ਨ ਸਿੰਘ, ਅਕਬਰ ਪੁਰ | ੨੦-੦੦ |
| ਭਾ: ਸੇਵਕ ਸਿੰਘ ਗੁੰਬੀ ਨਾਰਨੌਲ | ੧੦੦-੦੦ |
| ਸ: ਪ੍ਰਭ ਸਿੰਘ, ਕੋਟਾ | ੫੦-੦੦ |
| ਬੀ: ਹਰਮੀਤ ਕੌਰ, ਬੱਚੇ ਭਗਤ ਹਰਦਿਤ ਸਿੰਘ | ੫੧-੦੦ |
| ਬੀਬੀ ਜਸਮੀਤ ਕੌਰ ,, ਭੋਗਪੁਰ | ੫੧-੦੦ |
| ਕਾਕਾ ਅਮਰਦੀਪ ਸਿੰਘ ,, | ੫੧-੦੦ |
| ਪ੍ਰਵਾਰ ਸ਼ਹੀਦ ਗੁਰਚਰਨਜੀਤਸਿੰਘ,ਕਾਨਪੁਰ | ੧੨੦੦-੦੦ |
| ਸ: ਰਣਬੀਰ ਸਿੰਘ, ਅੰਮ੍ਰਿਤਸਰ | ੧੦੦-੦੦ |
| ਮਿਸਤ੍ਰੀ ਗੋਪਾਲ ਸਿੰਘ ਇੰਦਰਜੀਤ ਸਿੰਘ, | ੫੭੫-੦੦ |
| ਬੀਬੀ ਜੋਗਿੰਦਰ ਕੌਰ ਸਚਦੇਵ ਭੂਸੇਵਾਲ | ੧੦੦-੦੦ |

www.AKJ.Org

* ਮੁੰਡੀ ਦੀ ਸੰਗਤ ਵਲੋਂ ਸ਼੍ਰੋਮਣੀ ਕਮੇਟੀ ਨੂੰ ਵੀ ੧੩੦੦ ਰੁਪੈ ਭੇਜੇ ਗਏ ਹਨ।

| | |
|---|---|
| ਸ: ਰਣਧੀਰ ਸਿੰਘ, ਮੇਰਠ | ੫੧-੦੦ |
| ਸ: ਮਾਨ ਸਿੰਘ ਧਨਬਾਦ ਵਾਲੇ (ਸਮਾਗਮ ਸਮੇਂ) | ੪੦-੦੦ |
| ਸਾਧ ਸੰਗਤ ਦੋਹਾਕਤਰ (ਬਹਿਰੀਨ) | ੯੦੦੦-੦੦ |
| ਗੁਪਤ c/o ਜਥੇਦਾਰ ਸਾਹਿਬ | ੪੦੦-੦੦ |
| ਸੰਗਤ ਪਿੰਡ ਖੈੜਾ ਦੋਨਾ (ਕਪੂਰਥਲਾ) | ੧੦੦-੦੦ |
| ਸਰਦਾਰਨੀ ਹਰਬੰਸ ਕੌਰ ਤੇ ਪ੍ਰਵਾਰ, ਜਲੰਧਰ | ੩੦੧-੦੦ |
| ਸ: ਮੋਹਕਮ ਸਿੰਘ ਕਵੈਤ | ੩੨੯੫-੦੦ |
| ਸੰਗਤ ਭੂਪਾਲ | ੧੦੦੦-੦੦ |
| ਸ: ਮੋਹਨ ਸਿੰਘ, ਬਰੇਲੀ | ੨੦੦-੦੦ |
| ਸ: ਹਰਪਾਲ ਸਿੰਘ ਕੋਟਲਾ (ਪਟਿਆਲਾ) | ੧੦੧-੦੦ |
| ਸ: ਬਲਵੰਤ ਸਿੰਘ ਹਡਿਆਇਆ (ਸੰਗਰੂਰ) | ੫੦-੦੦ |
| ਸਾਂਭਰ ਤੋਂ ਬੀ: ਮਨਜੀਤ ਕੌਰ, ਬੀ: ਸੁਰਜੀਤ ਕੌਰ, ਸ: ਕਰਤਾਰ ਸਿੰਘ ਨਾਰੰਗ, ਦੇਵੀ ਮੋਟਵਾਨੀ, ਸ੍ਰੀ ਸੂਰਜ ਭਾਨ | ੪੯੦-੦੦ |
| ਸ: ਦਰਸ਼ਨਸਿੰਘ, ਮੂਲੀਆਂਵਾਲ ਗੁਰਦਾਸਪੁਰ | ੧੦੦-੦੦ |
| ਕੈਪਟਿਨ ਮਨਜੀਤ ਸਿੰਘ, ਜੋਧਪੁਰ | ੧੧੦੦-੦੦ |
| W.O. ਗੁਰਨਾਮ ਸਿੰਘ, ਬੜੋਦਾ | ੨੦੦-੦੦ |

| | |
|---|---|
| ਭਾਈ ਕੁਲਦੀਪ ਸਿੰਘ, ਬੰਬੇ | ੧੦੦-੦੦ |
| ਭਾਈ ਭੁਪਿੰਦਰ ਸਿੰਘ ਚੰਡੀਗੜ੍ਹ | ੧੦੦-੦੦ |
| ਬੀਬੀ ਕਰਤਾਰ ਕੌਰ ਚੰਡੀਗੜ੍ਹ | ੫੦-੦੦ |
| ਭਾਈ ਸੂਰਤ ਸਿੰਘ 'ਪੂਰਨ ਜੀ' | ੨੦੦-੦੦ |
| ਭਾਈ ਮਾਨ ਸਿੰਘ ਧਨਬਾਦ | ੨੦੦-੦੦ |
| ਗੁਪਤ ਪ੍ਰੇਮੀ ਸੋਨੀਪਤ | ੩੧੮-੦੦ |
| ਭਾ: ਸਰਬਜੀਤ ਸਿੰਘ ਓੜ੍ਹਪੁਰ, ਹੁਸ਼ਿਆਰਪੁਰ | ੩੫-੦੦ |
| ਸ: ਪੂਰਨ ਸਿੰਘ | ੧੦-੦੦ |
| ਸੇਵਾ ਸਿੰਘ ਸਤਨਾਮ ਸਿੰਘ | ੨੫੦-੦੦ |
| ਸ: ਪਰਮਜੀਤ ਸਿੰਘ, ਧੌਲਾ (ਹੁਸ਼ਿਆਰਪੁਰ) | ੧੨੦-੦੦ |
| ਸ: ਗੁਰਜੀਤ ਸਿੰਘ ਬੈਂਕ ਮੈਨੇਜਰ, ਮੁਕਤਸਰ | ੧੦੦-੦੦ |
| ਜੋੜ | ੩੪੨੪੯–੫੮ |
| ਪਿਛਲੇ ਮਹੀਨੇ ਦਾ ਜੋੜ | ੪੬੫੭–੦੦ |
| ਅੱਜ ੨੫-੧-੮੫ ਤਕ ਕੁਲ ਜੋੜ | ੩੮੯੦੬–੫੮ |

ਤਿੰਨ ਚੈਕ ਅਹਿਮਦਾਬਾਦ ੧੦੦/– ਨਵੀਂ ਦਿੱਲੀ ੫੦੦/– ਅਤੇ ਜਲੰਧਰ ੧੦੦੦/– ਕੈਸ਼ ਹੋਣ ਲਈ ਗਏ ਹਨ, ਵੇਰਵਾ ਆਉਂਦੇ ਪਰਚੇ ਵਿਚ ।

ਖਾਲਸਾ ਜੀ ਦਾ ਸੇਵਕ–ਰਾਮ ਸਿੰਘ (ਜਥੇਦਾਰ) ਕੇਂਦਰੀ ਦਫ਼ਤਰ ਅਖੰਡ ਕੀਰਤਨੀ ਜਥਾ

## ਭਾ: ਸਾ: ਭਾਈ ਰਣਧੀਰ ਸਿੰਘ ਪਾਠ ਉਤਸ਼ਾਹਤ ਸਕੀਮ

ਉਪਰੋਕਤ ਸਕੀਮ ਅਧੀਨ ਪੋਹ ਸੁਦੀ ਸਪਤਮੀ ਸਮਾਗਮ ਲੁਧਿਆਣਾ ਵਿਖੇ ਸ਼ੁਧ ਅਖੰਡਪਾਠ ਪ੍ਰੀਖਿਆ ਲਈ ਗਈ, ਜਿਸ ਵਿਖੇ ਹੇਠ ਲਿਖੇ ਰਹਿਤਵਾਨ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ :–

(੧) ਬੀਬੀ ਦਲਜੀਤ ਕੌਰ ਸਪੁਤਰੀ ਸ: ਬਲਵੰਤ ਸਿੰਘ ਜੱਸਲ, ਰਕਬਾ ਜ਼ਿਲਾ ਲੁਧਿਆਣਾ ਨੂੰ ਪਹਿਲਾ ਇਨਾਮ ੧੧੦੦/–, (੨) ਬੀਬੀ ਮਨਮੋਹਨ ਕੌਰ ਸਪੁਤਰੀ ਸ: ਸੁਜਾਨ ਸਿੰਘ ਮੁਹਾਲੀ ਨੂੰ ਦੂਜਾ ਇਨਾਮ ੭੦੦/–,(੩) ਭਾਈ ਕਮਲਦੀਪ ਸਿੰਘ ਸਪੁਤਰ ਸ: ਹਰਦੇਵ ਸਿੰਘ, ਚੰਡੀਗੜ੍ਹ ਨੂੰ ਤੀਜਾ ਇਨਾਮ ੪੦੦/– ਬਾਕੀ ਹੇਠ ਲਿਖੇ ਚਾਰ ਬੱਚਿਆਂ (ਹਰੇਕ ਨੂੰ) ੫੧'– ਨਾਲ ਸਨਮਾਨਤ ਕੀਤਾ ਗਿਆ— (੪) ਬੀਬੀ ਅਮਰ ਕੌਰ, ਚੰਡੀਗੜ੍ਹ, (੫) ਬੀਬੀ ਗੁਰਮੇਹਰ ਕੌਰ, ਲੁਧਿਆਣਾ, (੬) ਬੀਬੀ ਰੂਪਿੰਦਰ ਕੌਰ, ਜਲੰਧਰ, (੭) ਭਾਈ ਓਅੰਕਾਰਬਖ਼ਸ਼ ਸਿੰਘ ਲੁਧਿਆਣਾ ।

ਸਮੂਹ ਬੱਚਿਆਂ ਨੂੰ ਇਕ ਇਕ ਕੇਸਕੀ ਤੇ ਇਕ ਇਕ ਟ੍ਰੈਕਟ ਲੜੀਦਾਰ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਅਰਪਣ ਕੀਤੇ ਗਏ।

### *ਦਿੱਲੀ ਸਕਾਲਰਸ਼ਿਪ ਦੇ ਸੰਬੰਧ ਵਿਚ ਸਨਮਾਨੇ ਗਏ ਬੱਚੇ*

(੧) ਬੀਬੀ ਰਾਜਿੰਦਰ ਕੌਰ, (੨) ਭਾਈ ਕਮਲਦੀਪ ਸਿੰਘ, (੩) ਭਾਈ ਗੁਰਪਾਲ ਸਿੰਘ, (੪) ਭਾਈ ਅਵਤਾਰ ਸਿੰਘ, (੫) ਬੀਬੀ ਗੁਰਮੇਹਰ ਕੌਰ, (੬) ਭਾਈ ਓਅੰਕਾਰਬਖ਼ਸ਼ ਸਿੰਘ, (੭) ਬੀਬੀ ਮਨਮੋਹਨ ਕੌਰ, (੮) ਬੀਬੀ ਰੂਪਿੰਦਰ ਕੌਰ । ਇਨ੍ਹਾਂ ਬੱਚਿਆਂ ਦੀਆਂ ਸ਼੍ਰੇਣੀਆਂ ਦਾ ਵੇਰਵਾ ਲੁਧਿਆਣੇ ਤੋਂ ਨਾ ਆਉਣ ਕਰਕੇ ਰਕਮਾਂ ਦਾ ਵੇਰਵਾ ਆਉਂਦੇ ਪਰਚੇ ਵਿਚ ਦਿਤਾ ਜਾਵੇਗਾ ।

ਨੋਟ :—ਨੰਬਰ ੨, ੫ ਤੇ ੬ ਸ਼ੁਧ ਅਖੰਡਪਾਠ ਉਤਸ਼ਾਹਤ ਸਕੀਮ ਵਿਚ ਵੀ ਸ਼ਾਮਲ ਹੋਏ, ਜਿਸ ਕਰਕੇ ਇਕੱਠਾ ਹੀ (ਇਕ ਵੇਰ) ਉਸ ਸਕੀਮ ਅਨੁਸਾਰ ਨੰਬਰ ੩, ੫ ਤੇ ੭ ਨੂੰ ਤਰਤੀਬ ਵਿਚ ੮੧/–ਪ੍ਰਤੀ ਬੱਚਾ ਦਿਤੇ ਗਏ ।

www.AKJ.Org

**ਰਿਸ਼ਤੇ ਨਾਤੇ**—(੧) ਚਿਠੀ ਪਤਰ ਇਸ ਪਤੇ ਤੇ ਲਿਖੋ : ਫ਼ਾਰਮ ਨੰਬਰ......c/o ਸੂਰਾ, ਮਾਈ ਸੇਵਾਂ, ਅੰਮ੍ਰਿਤਸਰ
(੨) ਕੇਵਲ ਅੰਮ੍ਰਿਤਧਾਰੀ ਤੇ ਸਾਕਾਹਾਰੀ ਬੱਚਿਆਂ ਲਈ ਹੀ ਚਿਠੀ ਪੱਤਰ ਕਰੋ ਜੀ ।
(੩) ਰਿਸ਼ਤੇ ਨਾਤੇ ਦੇ ਫ਼ਾਰਮ ਸੂਰਾ ਮਾਸਕ ਪੱਤਰ ਅੰਮ੍ਰਿਤਸਰ ਤੋਂ ਵਾਪਸੀ ਲਈ ਲਫ਼ਾਫ਼ਾ ਭੇਜ ਕੇ ਮੁਫ਼ਤ ਮੰਗਾਓ ।

ਫਾਰਮ ਨੰ: ੨੨੮—ਇਕ ੨੪ ਸਾਲਾ ਕੀਰਤਨੀ ਬੀਬੀ, ਕੱਦ ੫ ਫੁਟ ੪ ਇੰਚ, B.Sc., D.H.M.S., ਲਈ ਯੋਗ ਵਰ ਦੀ ਲੋੜ ਹੈ, ਡਾਕਟਰ ਨੂੰ ਪਹਿਲ ।

ਫਾਰਮ ਨੰ: ੨੨੯—ਇਕ ੨੬ ਸਾਲਾ ਸਿੰਘ ਬੀ. ਐਸ. ਸੀ., ਕਲਰਕ ਸਟੇਟ ਬੈਂਕ ਬੀਕਾਨੇਰ, ਕੱਦ ੫ ਫੁਟ ਸਾਢੇ ੩ ਇੰਚ, ਤਨਖਾਹ ੨੧੦੦ ਰੁਪਏ, ਲਈ ਪੜ੍ਹੀ ਲਿਖੀ ਬੀਬੀ ਦੀ ਲੋੜ ਹੈ ।

ਫਾਰਮ ਨੰ: ੨੩੦—ਇਕ ੨੦ ਸਾਲਾ ਬੀ. ਏ. ਪਾਸ ਬੀਬੀ, ਕੱਦ ੫ ਫੁਟ, ਚੰਗਾ ਘਰਾਣਾ, ਲਈ ਯੋਗ ਵਰ ਦੀ ਲੱੜ ਹੈ ।

ਫਾਰਮ ਨੰ: ੨੩੧—ਇਕ ੩੦ ਸਾਲਾ ਬੀ. ਏ. ਪਾਸ ਬਿਉਪਾਰੀ ਸਿੰਘ, ਕੱਦ ੫ ਫੁਟ ੬ ਇੰਚ ਲਈ ਘਟੋ ਘਟ ਬੀ. ਏ. ਪਾਸ ਚੰਗੇ ਘਰਾਣੇ ਦੀ ਬੀਬੀ ਦੀ ਲੋੜ ਹੈ ।

ਫਾਰਮ ਨੰ: ੨੩੨ ਇਕ ੨੪ ਸਾਲਾ ਬੀ. ਕਾਮ. ਸਿੰਘ, ਕੱਦ ੫ ਫੁਟ ੬ ਇਚ, ਆਪਣਾ ਪ੍ਰੈਸ, ਲਈ ਨਿਤਨੇਮੀ ਕੀਰਤਨੀ ਬੀਬੀ ਦੀ ਲੋੜ ਹੈ !

ਫਾਰਮ ਨੰ: ੨੩੩—ਇਕ ੨੪ ਸਾਲਾ ਦਸਵੀਂ ਪਾਸ ਸਿੰਘ, ਕੱਦ ੫ ਫੁਟ ੮ ਇੰਚ, ਕੰਮ ਖੇਤੀਬਾੜੀ ਤੇ ਡੇਅਰੀ ਮਾਲਕ, ਲਈ ਰਹਿਤਵਾਨ ਪੰਜਾਬੀ ਪੜ੍ਹੀ ਬੀਬੀ ਦੀ ਲੋੜ ਹੈ ।

ਫਾਰਮ ਨੰ: ੨੩੪—ਇਕ ੨੪ ਸਾਲਾ ਪ੍ਰੈਪ ਪਾਸ ਦੁਹਾਜੂ ਸਿੰਘ, ਕੱਦ ੫ ਫੁਟ ੧੦ ਇੰਚ;(ਪਹਿਲੀ ਪਤਨੀ ਮਰ ਚੁਕੀ),ਫੌਜੀ ਨੌਕਰੀ ਤਨਖਾਹ ੭੦੦)- ਲਈ ੮-੧੦ ਪੜ੍ਹੀ ਬੀਬੀ ਦੀ ਲੋੜ ਹੈ ।

ਫਾਰਮ ਨੰ: ੨੩੫—ਇਕ ੨੪ ਸਾਲਾ ਸਿੰਘ ਦਸਵੀਂ ਪਾਸ, ਕੱਦ ੫ ਫੁਟ ੮ ਇੰਚ, ਟੈਲੀਵੀਯਨ ਦੁਕਾਨ ਦੀ ਮਾਲਕੀ, ਲਈ ਯੋਗ ਬੀਬੀ ਦੀ ਲੋੜ ਹੈ ।

ਫਾਰਮ ਨੰ: ੨੩੬—ਇਕ ੨੨ ਸਾਲਾ ਮੈਟਰਿਕ ਪਾਸ ਸਿੰਘ, ਕੱਦ ੫ ਫੁਟ, ੮ ਇੰਚ, ਪਿਤਾ ਨਾਲ ਕਪੜੇ ਦੀ ਦੁਕਾਨ, ਲਈ ਕੀਰਤਨੀ ਬੀਬੀ ਦੀ ਲੋੜ ਹੈ ।

ਫਾਰਮ ਨੰ: ੨੩੭—ਇਕ ੨੮ ਸਾਲਾ ਦਸਵੀਂ ਪਾਸ ਕੱਦ ੫ ਫੁਟ ੬ ਇੰਚ, ਲਿਬਾਰਟਰੀ ਅਟੈਂਡੈਂਟ ਸਿੰਘ ਲਈ ਯੋਗ ਨਾਤੇ ਦੀ ਲੋੜ ਹੈ, ਤਨਖਾਹ ੭੧੦ ਰੁਪਏ ।

ਫਾਰਮ ਨੰ: ੨੩੮—ਇਕ ੩੮ ਸਾਲਾ ਦੁਹਾਜੂ ਐਫ. ਏ. ਪਾਸ, ਟਿਊਸ਼ਨ ਪੜ੍ਹਾਂਦੀ, ਮਾਸਕ ਆਮਦਨ ੬੦੦ ਰੁਪਏ, ਨਿਤਨੇਮਣ ਕੱਦ ੫ ਫੁਟ, ੩ ਇੰਚ ਲਈ ਕੰਵਾਰੇ ਜਾਂ ਦੁਹਾਜੂ, ਪਰਵਾਰ ਦਾ ਬੋਝ ਚੁਕ ਸਕਣ ਵਾਲੇ ਵਰ ਦੀ ਲੋੜ ਹੈ ।

ਫਾਰਮ ਨੰ: ੨੩੯—ਇਕ ੨੪ ਸਾਲਾ ਬੀਬੀ ਐਮ.ਏ. ਪਾਸ, ਕੱਦ ੫ ਫੁਟ ੬ ਇੰਚ, ਬੈਂਕ ਵਿਚ ਨੌਕਰ, ਤਨਖਾਹ ੧੫੦੦ ਰੁਪਏ, ਲਈ ਬੈਂਕ ਮੁਲਾਜ਼ਮ ਵਰ ਦੀ ਲੋੜ ਹੈ ।

ਫਾਰਮ ਨੰ: ੨੪੦—ਇਕ ੨੮ ਸਾਲਾ ਸਿੰਘ, ਬੈਂਕ ਆਫੀਸਰ ਕੱਦ ੫ ਫੁਟ ੮ ਇੰਚ, ਮਾਸਕ ਆਮਦਨ ੨੫੦੦ ਰੁਪਏ, ਲਈ ਚੰਗੇ ਘਰਾਣੇ ਦੀ ਪੜ੍ਹੀ ਲਿਖੀ ਬੀਬੀ ਦੀ ਲੋੜ ਹੈ ।

ਫਾਰਮ ਨੰ: ੨੪੧—ਇਕ ੨੪ ਸਾਲਾ ਬੀਬੀ, ਐਮ. ਐਸ. ਸੀ., ਬੀ. ਐਡ, ਟੀਚਰ ਪ੍ਰਾਈਵੇਟ ਸਕੂਲ, ਲਈ ਡਾਕਟਰ, ਇੰਜੀਨੀਅਰ ਜਾਂ ਚੰਗੀ ਸਰਵਿਸ ਵਾਲੇ ਵਰ ਦੀ ਲੋੜ ਹੈ ।

---

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਕੀਰਤਨ ਤੇ ਅਖੰਡਪਾਠ ਸਮਾਗਮ

ਭਾਈ ਗੁਰਨਾਮ ਸਿੰਘ ਜੀ ਸੂਚਨਾ ਦੇਂਦੇ ਹਨ ਕਿ ਯੂ. ਕੇ. ਅਖੰਡ ਕੀਰਤਨੀ ਜਥਾ ਵਲੋਂ ਹੇਠ ਲਿਖੇ ਪ੍ਰੋਗਰਾਮ ਹੋ ਰਹੇ ਹਨ—ਸ੍ਰੀ ਅਖੰਡਪਾਠ ੫ ਤੋਂ ੭ ਅਪ੍ਰੈਲ ਅਤੇ ਰੈਣ ਸਬਾਈ ਕੀਰਤਨ ੭ ਅਪ੍ਰੈਲ ੧੯੮੫ ਰਾਤ ਨੂੰ ਬੀਬੀ ਮਨਮੋਹਨ ਕੌਰ ਜੀ ਵਲੋਂ ਪੰਥ ਦੀ ਚੜ੍ਹਦੀ ਕਲਾ ਅਤੇ ਪਰਵਾਰ ਦੀ ਚੜ੍ਹਦੀ ਕਲਾ ਲਈ ਤੇ ਨਾਮ ਦੀ ਦਾਤ ਬਖਸ਼ਣ ਲਈ ਅਰਜ਼ੋਈ ਹੈ । ਸਮਾਗਮ ਗੁਰਦਵਾਰਾ ਸਿਖ ਟੈਂਪਲ, ਨੀਊ ਸਟਰੀਟ, ਲੇਮਿੰਗਟਨ SPA ਵਿਖੇ ਹੋਣਗੇ । ਰੈਣ ਸਬਾਈ ਦੇ ਭੋਗ ੮-੪-੮੫ ਨੂੰ ਸਵੇਰੇ ੬ ਵਜੇ ਪੈਣਗੇ । ਪੁਛ ਗਿਛ ਲਈ—ਭਾਈ ਜਰਨੈਲ ਸਿੰਘ ਰਘਬੀਰ ਸਿੰਘ ਫੋਨ ੦੯੨੬–੩੦੦੦੮
ਗੁਰਦਵਾਰਾ ਫੋਨ ੦੯੨੬-੨੪੨੯੭, ਬੀ: ਮਨਮੋਹਨ ਕੌਰ ਫ਼ੋਨ ੦੯੨੬-੮੮੩੪੮੯

---

**ਹੁਸ਼ਿਆਰਪੁਰ-ਦਸੂਹਾ ਰੋਡ, ਰਾਮਪੁਰ ਖੇੜਾ ਦੇ ਨੇੜੇ ਪਿੰਡ ਗੋਂਦਪੁਰ ਦੇ ਗੁਰਦਵਾਰਾ ਸਾਹਿਬ ਵਿਖੇ ੧੬ ਫਰਵਰੀ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਆਇ ਜੁੜੋ ਜੀ ।**

www.AKJ.Org

# ਪਟਿਆਲਾ ਸਾਲਾਨਾ ਅਖੰਡ ਕੀਰਤਨ ਸਮਾਗਮ

## ਵੀਰਵਾਰ ੧੪ ਫਰਵਰੀ ਸਵੇਰ ਤੋਂ ੧੭ ਫ਼ਰਵਰੀ ੧੯੮੫ ਐਤਵਾਰ ਸਵੇਰ ਤਕ

ਹਰ ਸਾਲ ਵਾਂਗ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਸਮੂਹ ਅਖੰਡ ਕੀਰਤਨੀ ਜਥੇ ਪੁਜ ਕੇ ਕੀਰਤਨ ਵਿਚ ਜੁੜਨਗੇ । ਪਰਵਾਰਾਂ ਸਹਿਤ ਆਇ ਦੀਦਾਰ ਬਖਸ਼ੋ ਜੀ । ਪ੍ਰੋਗਰਾਮ ਇੰਜ ਹੈ—

੧੪-੨-੮੫ ਸਵੇਰੇ ੪ ਤੋਂ ੭ ਕੀਰਤਨ ਆਸਾ ਦੀ ਵਾਰ ਉਪਰੰਤ ਅਰੰਭ ਸੀ ਅਖੰਡਪਾਠ ਸ੍ਰੀ ਗੁਰੂ ਸਿੰਘ ਸਭਾ ਮਾਲ ਰੋਡ<br>
ਸ਼ਾਮ ੫-੩੦ ਤੋਂ ੮-੩੦ ਅਖੰਡ ਕੀਰਤਨ ਗੁਰਦੁਆਰਾ ਸਾਹਿਬ ਖਾਲਸਾ ਮਹੱਲਾ, ਪਟਿਆਲਾ<br>
੧੫-੨-੮੫ ਸਵੇਰੇ ੩ ਤੋਂ ੧੧ ਅਖੰਡ ਕੀਰਤਨ ਗੁ: ਨਵੀਨ ਸ੍ਰੀ ਗੁਰੂ ਸਿੰਘ ਸਭਾ, ਧਰਮਪੁਰ ਬਜ਼ਾਰ, ਪਟਿਆਲਾ<br>
ਸ਼ਾਮ ੪ ਤੋਂ ੭ ਅਖੰਡ ਕੀਰਤਨ ਗੁਰਦੁਆਰਾ ਸਾਹਿਬ ਮੋਤੀ ਬਾਗ, ਪਟਿਆਲਾ<br>
੧੬-੨-੮੫ ਸਵੇਰੇ ੪ ਵਜੇ ਸਮਾਪਤੀ ਸ੍ਰੀ ਅਖੰਡਪਾਠ ਗੁ: ਸ੍ਰੀ ਗੁਰੂ ਸਿੰਘ ਸਭਾ ਮਾਲ ਰੋਡ ਪਟਿਆਲਾ ਵਿਖੇ, ਉਪਰੰਤ<br>
ਸਵੇਰੇ ੫ ਤੋਂ ੧ ਵਜੇ ਦੁਪਹਿਰ ਤਕ ਹਜ਼ੂਰੀ ਕੀਰਤਨ ਗੁ: ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ<br>
ਸ਼ਾਮ ੫ ਵਜੇ ਅੰਮ੍ਰਿਤ-ਸਿੰਚਾਰ ਅਤੇ ੭-੩੦ ਰੈਣਸਬਾਈ ਕੀਰਤਨ ਅਰੰਭ ਸ੍ਰੀ ਗੁਰੂ ਸਿੰਘ ਸਭਾ ਮਾਲ ਰੋਡ ਵਿਖੇ<br>
੧੭-੨-੮੫ ਐਤਵਾਰ ਸਵੇਰੇ ੬ ਵਜੇ ਸਮਾਪਤੀ । —ਲੋੜ ਅਨੁਸਾਰ ਪ੍ਰੋਗਰਾਮ ਵਿਚ ਤਬਦੀਲੀ ਹੋ ਸਕਦੀ ਹੈ ।

ਨੋਟ :—ਰਿਹਾਇਸ਼ ਤੇ ਲੰਗਰ ਗੁ: ਸ੍ਰੀ ਗੁਰੂ ਸਿੰਘ ਸਭਾ ਮਾਲ ਰੋਡ ਵਿਖੇ । ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ ।

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ, ਪਟਿਆਲਾ

---

# ਸਾਲਾਨਾ ਹੋਲਾ ਮਹੱਲਾ ਸਮਾਗਮ ਸ੍ਰੀ ਅਨੰਦਪੁਰ ਸਾਹਿਬ

## ਸੋਮਵਾਰ ਸਵੇਰੇ ੪ ਮਾਰਚ ਤੋਂ ੭ ਮਾਰਚ ੧੯੮੫ ਵੀਰਵਾਰ ਸਵੇਰ ਤਕ

ਪਿਛਲੇ ਸਾਲ ਵਾਂਗ ਸਮੂਹ ਅਖੰਡ ਕੀਰਤਨੀ ਜਥਿਆਂ ਵਲੋਂ ਹੋਲਾ ਮਹੱਲਾ ਸਮਾਗਮ ਕਲਗੀਧਰ ਸੱਚੇ ਪਾਤਸ਼ਾਹ ਦੀ ਨਗਰੀ ਵਿਖੇ ਗੁਰਦੁਆਰਾ ਕਲਗੀਧਰ ਕੀਰਤਨ ਦਰਬਾਰ (ਲੋਹਗੜ੍ਹ ਰੋਡ) ਵਿਖੇ ਮਨਾਇਆ ਜਾ ਰਿਹਾ ਹੈ । ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ । ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੈ :—

| | | |
|---|---|---|
| ੪-੩-੮੫ | ਸਵੇਰੇ ੫ ਵਜੇ ਅਰੰਭ ਸ੍ਰੀ ਅਖੰਡ ਪਾਠ ਸਾਹਿਬ | ਗੁਰਦੁਆਰਾ ਕਲਗੀਧਰ ਕੀਰਤਨ ਦਰਬਾਰ |
| | ਸਾਮ ੬ ਤੋਂ ੮ ਸੋਦਰ ਦੀ ਚੌਕੀ | ਗੁਰਦੁਆਰਾ ਲੋਹਗੜ੍ਹ ਸਾਹਿਬ |
| ੫-੩-੮੫ | ਸਵੇਰੇ ੫ ਤੋਂ ੧੨ ਆਸਾ ਦੀ ਵਾਰ ਤੇ ਅਖੰਡ ਕੀਰਤਨ | ਗੁਰਦੁਆਰਾ ਕਲਗੀਧਰ ਕੀਰਤਨ ਦਰਬਾਰ |
| | ਸ਼ਾਮ ਦਾ ਕੀਰਤਨ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ |
| ੬-੩-੮੫ | ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ, ਦੋ ਵਜੇ ਤਕ ਅਖੰਡ ਕੀਰਤਨ | ਗੁ: ਕਲਗੀਧਰ ਕੀਰਤਨ ਦਰਬਾਰ |
| | ਸ਼ਾਮ ੬ ਵਜੇ ਅੰਮ੍ਰਿਤ ਸਿੰਚਾਰ ਅਰੰਭ | ,, ,, ,, |
| | ੭ ਵਜੇ ਰੈਣ ਸਬਾਈ ਕੀਰਤਨ, ੭ ਮਾਰਚ ਸਵੇਰੇ ੭ ਵਜੇ ਸਮਾਪਤੀ | ,, ,, ,, |

ਨੋਟ—ਕੇਵਲ ਨਾਮਬਾਣੀ ਨਾਲ ਜੋੜਨ ਵਾਲੇ ਤੇ ਅੰਮ੍ਰਿਤਧਾਰੀ ਸੰਗਤਾਂ ਲਈ ਹੀ ਰਿਹਾਇਸ਼ ਹੋਵੇਗੀ । ਸਰਦੀ ਦੇ ਬਿਸਤਰੇ ਲੈ ਕੇ ਆਓ ਜੀ ।

ਪੁਛ ਗਿਛ —੧. ਭਾਈ ਨਿਰੰਜਨ ਸਿੰਘ, ੧੦-ਸੀ ਇੰਡਸਟ੍ਰੀਅਲ ਏਰੀਆ, ਮੋਹਾਲੀ<br>
੨. ਭਾਈ ਹਰਮਹਿੰਦਰ ਸਿੰਘ ਗੋਬਿੰਦਪੁਰੀ, ਸਿਖ ਨੈਸ਼ਨਲ ਕਾਲਜ, ਚਰਨ ਕੰਵਲ, ਬੰਗਾ

---

# ਮੋਗਾ ਵਿਖੇ ਸਾਲਾਨਾ ਅਖੰਡ ਕੀਰਤਨ

ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ (ਇੰਦਰ ਸਿੰਘ ਗਿਲ ਨਗਰ, ਦੁਸਾਂਝ ਰੋਡ) ਵਿਖੇ ਤਿਲਕ ਜੰਞੂ ਦੇ ਰਾਖੇ ਸਤਿਗੁਰੂ ਜੀ ਦੇ ਸ਼ਹੀਦੀ ਦਿਵਸ ਦੀ ਯਾਦ ਵਿਚ ਸਮਾਗਮ ਹੋ ਰਹੇ ਹਨ । ੨੩ ਫਰਵਰੀ ਨੂੰ ਭਾਈ ਨਿਧਾਨ ਸਿੰਘ ਜੀ ਦੇ ਗ੍ਰਿਹ ਵਿਖੇ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ । ਫਿਰ ਉਪਰੋਕਤ ਗੁਰ-ਅਸਥਾਨ ਵਿਖੇ ੫ ਤੋਂ ੧੧ ਤਕ ਅਖੰਡ ਕੀਰਤਨ ਹੋਣਗੇ ਅਤੇ ਸ਼ਾਮ ਨੂੰ ੭ ਵਜੇ ਰੈਣ ਸਬਾਈ ਕੀਰਤਨ ਅਰੰਭ ਹੋਣਗੇ । ਅੰਮ੍ਰਿਤ ਸਿੰਚਾਰ ੨੩ ਫ਼ਰਵਰੀ ਸ਼ਾਮ ਨੂੰ ਹੋਵੇਗਾ । ਆਇ ਜੁੜੋ ਜੀ ।

ਦਾਸਰੇ—ਅਖੰਡ ਕੀਰਤਨੀ ਜਥਾ, ਮੋਗਾ ਜ਼ਿਲਾ ਫ਼ਰੀਦਕੋਟ

---



www.AKJ.Org